# ਸਰਕਾਰੀ ਕਾਲਜ, ਡੇਰਾ ਬੱਸੀ

Estd.1975

(ਸਾਹਿਬਜ਼ਾਦਾ ਅਜੀਤ ਸਿੰਘ ਨਗਰ)

(An Accredited Institution with B Grade by NAAC)

ਦੇਹ ਸ਼ਿਵਾ ਬਰ ਮੋਹਿ ਇਹੈ ਸ਼ੁਭ ਕਰਮਨ ਤੇ ਕਬਹੂੰ ਨ ਟਰੋਂ॥
ਨ ਡਰੋਂ ਅਰਿ ਸੋ ਜਬ ਜਾਇ ਲਰੋਂ ਨਿਸਚੈ ਕਰ ਆਪਨੀ ਜੀਤ ਕਰੋਂ॥
— ਸ੍ਰੀ ਗੁਰੂ ਗੋਬਿੰਦ ਸਿੰਘ ਜੀ

# PROSPECTUS 2022-23



*Learning is Purity*

# OUR VISION, MISSION & OBJECTIVE

## VISION

- To Become the preferred destination for aspirants of higher education from the surrounding areas.

## MISSION

- To impart quality education at affordable rates.
- To provide equal opportunities, without any discrimination, to all students.
- To keep pace with time in the field of information technology.

## OBJECTIVE

- To ensure the holistic development of students, so that they can contribute towards nation building.




ਅਮਨਪ੍ਰੀਤ ਸਿੰਘ, ਵਿਦਿਆਰਥੀ ਬੀ.ਏ. ਸਮੈਸਟਰ ਚੋਥਾ ਨੇ ਨਹਿਰੂ ਯੁਵਾ ਕੇਂਦਰ ਵੱਲੋਂ ਕਰਵਾਏ ਗਏ ਭਾਸ਼ਣ ਮੁਕਾਬਲਿਆਂ ਵਿੱਚ ਰਾਜ ਪੱਧਰੀ ਇਨਾਮ ਪ੍ਰਾਪਤ ਕੀਤਾ।




ਸੁਮਿਕਸ਼ਾ, ਵਿਦਿਆਰਥਣ ਬੀ.ਏ. ਸਮੈਸਟਰ ਚੋਥਾ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਯੂਥ ਫੈਸਟੀਵਲ ਦੇ ਗੁੱਡੀਆਂ ਪਟੋਲੇ ਮੁਕਾਬਲੇ ਵਿੱਚ ਗੋਲਡ ਮੈਡਲ ਪ੍ਰਾਪਤ ਕੀਤਾ।

# ਸੰਦੇਸ਼

**ਕ੍ਰਿਸ਼ਨ ਕੁਮਾਰ**, ਆਈ.ਏ.ਐਸ
ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ
ਉਚੇਰੀ ਸਿੱਖਿਆ ਅਤੇ ਭਾਸ਼ਾਵਾਂ।



ਇਹ ਖੁਸ਼ੀ ਦੀ ਗੱਲ ਹੈ ਕਿ ਸਰਕਾਰੀ ਕਾਲਜ, ਡੇਰਾ ਬੱਸੀ ਨੇ ਸਿੱਖਿਆ ਦੇ ਖੇਤਰ ਵਿੱਚ ਆਪਣਾ ਵੱਖਰਾ ਸਥਾਨ ਬਣਾਇਆ ਹੈ। ਕਿਸੇ ਵਿਅਕਤੀ ਜਾਂ ਸੰਸਥਾ ਦੀ ਪ੍ਰਾਪਤੀ ਸਿਰਫ਼ ਕੁਝ ਦਿਨਾਂ ਦੀ ਗੱਲ ਨਹੀਂ ਸਗੋਂ ਇਸ ਪਿੱਛੇ ਲੱਗੀ ਊਰਜਾ ਅਤੇ ਲੰਮੇ ਸਮੇਂ ਦੀ ਘਾਲਣਾ ਦਾ ਸਿੱਟਾ ਹੁੰਦੀ ਹੈ। ਆਪਣੇ ਸੁਨਹਿਰੀ ਇਤਿਹਾਸ ਅੰਦਰ ਇਸ ਕਾਲਜ ਦੀਆਂ ਅਨੇਕਾਂ ਮਾਣ-ਮੱਤੀਆਂ ਪ੍ਰਾਪਤੀਆਂ ਰਹੀਆਂ ਹਨ।

ਸੂਰਜ ਦਾ ਪ੍ਰਕਾਸ਼ ਜਿਸ ਤਰ੍ਹਾਂ ਧਰਤੀ ਦੇ ਹਰ ਕੋਨੇ ਨੂੰ ਰੁਸ਼ਨਾਉਂਦਾ ਹੈ, ਵਿੱਦਿਆ ਦਾ ਪ੍ਰਕਾਸ਼ ਵੀ ਉਸੇ ਤਰ੍ਹਾਂ ਮਨੁੱਖ ਅੰਦਰ ਰੂਹ, ਵਿਚਾਰਾਂ ਅਤੇ ਸਰੋਕਾਰਾਂ ਨੂੰ ਰੁਸ਼ਨਾਉਂਦਾ ਹੈ। ਸਰਕਾਰੀ ਕਾਲਜ ਡੇਰਾ ਬੱਸੀ ਨੇ ਵਿਦਿਆਰਥੀਆਂ ਅੰਦਰ ਗਿਆਨ ਦੀ ਲੋਅ ਪੈਦਾ ਕਰਨ ਸਦਕਾ ਇਤਿਹਾਸ ਦੇ ਪੰਨਿਆਂ ਵਿੱਚ ਆਪਣੀ ਅਹਿਮ ਥਾਂ ਬਣਾਈ ਹੈ। ਇਹ ਬੜੇ ਮਾਣ ਵਾਲੀ ਗੱਲ ਹੈ ਕਿ ਇਸ ਸੰਸਥਾ ਦੇ ਅਨੇਕਾਂ ਵਿਦਿਆਰਥੀ ਮਹੱਤਵਪੂਰਨ ਅਹੁਦਿਆਂ 'ਤੇ ਆਪਣੀਆਂ ਵੱਡਮੁੱਲੀਆਂ ਸੇਵਾਵਾਂ ਪ੍ਰਦਾਨ ਕਰ ਰਹੇ ਹਨ।

ਮੈਨੂੰ ਇਸ ਗੱਲ ਦਾ ਵਿਸ਼ਵਾਸ ਹੈ ਕਿ ਸਰਕਾਰੀ ਕਾਲਜ ਡੇਰਾ ਬੱਸੀ ਦੇ ਇਸ ਪ੍ਰਾਸਪੈਕਟਸ ਤੋਂ ਵਿਦਿਆਰਥੀ ਅਤੇ ਉਨ੍ਹਾਂ ਦੇ ਮਾਪੇ ਕਾਲਜ ਦੀਆਂ ਵਿਭਿੰਨ ਸਰਗਰਮੀਆਂ, ਪ੍ਰਾਪਤੀਆਂ ਅਤੇ ਕੋਰਸਾਂ ਬਾਰੇ ਜਾਣਕਾਰੀ ਪ੍ਰਾਪਤ ਕਰਨਗੇ ਅਤੇ ਉਚਿਤ ਕੋਰਸ ਦੀ ਚੋਣ ਕਰਨ ਦੇ ਸਮਰੱਥ ਹੋਣਗੇ।

ਮੈਂ ਸਰਕਾਰੀ ਕਾਲਜ, ਡੇਰਾ ਬੱਸੀ ਨਾਲ ਜੁੜੀਆਂ ਸਾਰੀਆਂ ਸ਼ਖਸੀਅਤਾਂ ਨੂੰ ਵਧਾਈ ਦਿੰਦਾ ਹਾਂ ਅਤੇ ਇਹ ਆਸ ਕਰਦਾ ਹਾਂ ਕਿ ਇਹ ਸੰਸਥਾ ਆਉਣ ਵਾਲੇ ਸਮੇਂ ਵਿੱਚ ਆਪਣੀ ਬਿਹਤਰ ਕਾਰਗੁਜ਼ਾਰੀ ਅਤੇ ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਲਈ ਨਵੀਆਂ ਬੁਲੰਦੀਆਂ ਛੂਹੇਗੀ।

ਸ਼ੁਭ ਇੱਛਾਵਾਂ

# ਪ੍ਰਿੰਸੀਪਲ ਦਾ ਸੰਦੇਸ਼



ਸਰਕਾਰੀ ਕਾਲਜ ਡੇਰਾ ਬੱਸੀ ਬੀਤੇ ਸਾਲਾਂ ਦੌਰਾਨ ਇਕ ਵੱਡੀ ਵਿੱਦਿਅਕ ਸੰਸਥਾ ਵਜੋਂ ਉੱਭਰ ਕੇ ਸਾਹਮਣੇ ਆਇਆ ਹੈ। ਮੇਰਾ ਪੂਰਨ ਵਿਸ਼ਵਾਸ਼ ਹੈ ਕਿ ਅਸੀਂ ਸਾਰਿਆਂ ਦੇ ਸਹਿਯੋਗ ਸਦਕਾ ਕਾਲਜ ਨੂੰ ਹੋਰ ਉੱਚੀਆਂ ਬੁਲੰਦੀਆਂ ਤੱਕ ਲੈ ਕੇ ਜਾਣ ਵਿਚ ਸਫ਼ਲ ਹੋਵਾਂਗੇ।

ਇਸ ਉਦੇਸ਼ ਨੂੰ ਅੱਗੇ ਲਿਜਾਣ ਲਈ ਮੇਰੀ ਕੋਸ਼ਿਸ਼ ਹੋਵੇਗੀ ਕਿ ਕਾਲਜ ਨੂੰ ਮਿਆਰੀ ਸਿੱਖਿਆ ਰਾਹੀਂ ਅਕਾਦਮਿਕ ਉੱਤਮਤਾ ਦੇ ਕੇਂਦਰ ਵਜੋਂ ਉਭਾਰਿਆ ਜਾਵੇ। ਮੈਂ, ਸਾਡੇ ਵਿਦਿਆਰਥੀਆਂ ਨੂੰ ਸਫਲਤਾਵਾਂ ਦੀਆਂ ਬੁਲੰਦੀਆਂ ਤੱਕ ਪਹੁੰਚਾਉਣ ਵਿਚ ਮਦਦ ਕਰਨ ਵਾਲੇ ਟੀਚਿੰਗ, ਨਾਨ-ਟੀਚਿੰਗ ਅਤੇ ਬਾਕੀ ਸਹਿਯੋਗੀ ਕਰਮਚਾਰੀਆਂ ਦਾ ਦਿਲੋਂ ਸਨਮਾਨ ਕਰਦੀ ਹਾਂ।

ਕਾਲਜ ਕੈਂਪਸ ਹਮੇਸ਼ਾ ਨੌਜਵਾਨ ਵਿਦਿਆਰਥੀਆਂ ਲਈ ਇੱਕ ਦਿਲਚਸਪ ਸਥਾਨ ਹੁੰਦਾ ਹੈ। ਸਾਡੇ ਆਲੇ ਦੁਆਲੇ ਦੀ ਨੌਜਵਾਨ ਊਰਜਾ ਸਾਨੂੰ ਸਿੱਖਿਅਕਾਂ ਨੂੰ ਹਮੇਸ਼ਾ ਜੀਵੰਤ ਰੱਖਦੀ ਹੈ। ਵਿਦਿਆਰਥੀਆਂ ਦੀ ਬੌਧਿਕ ਅਤੇ ਭਾਵਨਾਤਮਕ ਵਿਕਾਸ ਯਾਤਰਾ ਦਾ ਹਿੱਸਾ ਬਣਨਾ ਆਪਣੇ ਆਪ ਵਿਚ ਇਕ ਸੁਖਦ ਤਜਰਬਾ ਹੈ। ਅਸੀਂ ਨੇੜਲੇ ਪੇਂਡੂ ਖੇਤਰ ਵਿਚੋਂ ਆਉਣ ਵਾਲੇ ਵਿਦਿਆਰਥੀਆਂ ਦਾ ਤਹਿ ਦਿਲੋਂ ਸੁਆਗਤ ਕਰਦੇ ਹਾਂ। ਇਕ ਚੰਗੇ ਸਲਾਹਕਾਰ ਵਜੋਂ ਅਸੀਂ ਉਹਨਾਂ ਦੇ ਸਰਵਪੱਖੀ ਵਿਕਾਸ ਲਈ ਹਰ ਸੰਭਵ ਕੋਸ਼ਿਸ਼ ਕਰਾਂਗੇ ਤਾਂਕਿ ਸਾਡੇ ਵਿਦਿਆਰਥੀ ਪੂਰੇ ਆਤਮ ਵਿਸ਼ਵਾਸ਼ ਨਾਲ ਬਾਹਰਲੀ ਦੁਨੀਆਂ ਵਿਚ ਕਦਮ ਰੱਖ ਸਕਣ।ਮੈਨੂੰ ਪੂਰਨ ਵਿਸ਼ਵਾਸ਼ ਹੈ ਕਿ ਇਕ ਦਿਨ ਸਾਡੇ ਵਿਦਿਆਰਥੀਆਂ ਉੱਪਰ ਸਾਨੂੰ ਮਾਣ ਹੋਵੇਗਾ।

ਸਰਕਾਰੀ ਕਾਲਜ ਡੇਰਾ ਬੱਸੀ ਵਿਖੇ ਅਸੀਂ ਸਿੱਖਿਆ ਦੇ ਅਸਲ ਮਕਸਦ ਦੀ ਪੂਰਤੀ ਲਈ ਆਪਣੇ ਵਿਦਿਆਰਥੀਆਂ ਨੂੰ ਸਕਾਰਾਤਮਕ ਅਤੇ ਪ੍ਰੇਰਣਾਦਾਇਕ ਵਾਤਾਵਰਣ ਅਤੇ ਅਵਸਰ ਪ੍ਰਦਾਨ ਕਰਨ ਲਈ ਯਤਨਸ਼ੀਲ ਹਾਂ। ਅਸੀਂ ਅਕਾਦਮਿਕ ਉੱਤਮਤਾ ਰਾਹੀਂ ਆਪਣੇ ਵਿਦਿਆਰਥੀਆਂ ਵਿਚ ਇਕ ਅਜਿਹੀ ਯੋਗਤਾ ਪੈਦਾ ਕਰਨ ਲਈ ਯਤਨਸ਼ੀਲ ਹਾਂ ਜਿਸ ਸਦਕਾ ਉਹ ਆਪਣੇ ਵਿਦਿਆਰਥੀ ਜੀਵਨ ਤੋਂ ਬਾਅਦ ਦੀਆਂ ਚੁਣੌਤੀਆਂ ਦਾ ਸੰਤੁਲਿਤ ਅਤੇ ਸਦਭਾਵਨਾਪੂਰਨ ਢੰਗ ਨਾਲ ਸਾਹਮਣਾ ਕਰ ਸਕਣ।

**ਪ੍ਰੋ. (ਡਾ.) ਅਮਨਦੀਪ ਕੌਰ**
ਪ੍ਰਿੰਸੀਪਲ
ਸਰਕਾਰੀ ਕਾਲਜ, ਡੇਰਾ ਬੱਸੀ

# ਵਿਸ਼ਾ ਸੂਚੀ


| ਲੜੀ ਨੰ: | ਵਿਸ਼ਾ | ਪੰਨਾ |
|---|---|---|
| 1. | ਜਾਣ-ਪਹਿਚਾਣ | 2 |
| 2. | ਕਾਲਜ ਸਟਾਫ਼ | 3 |
| 3. | ਪ੍ਰਮੁੱਖ ਪ੍ਰਬੰਧਕੀ ਕਮੇਟੀਆਂ | 4 |
| 4. | ਦਾਖਲੇ ਲਈ ਨਿਯਮ | 7 |
| 5. | ਅਧਿਆਪਨ ਦੇ ਕੋਰਸ | 9 |
| 6. | ਫੀਸਾਂ ਅਤੇ ਫੰਡ | 13 |
| 7. | ਵਜ਼ੀਫੇ ਅਤੇ ਐਵਾਰਡ | 15 |
| 8. | ਸਹਿ-ਪਾਠਕ੍ਰਮ ਸਰਗਰਮੀਆਂ | 16 |
| 9. | ਲਾਇਬ੍ਰੇਰੀ ਅਤੇ ਇਸ ਦੇ ਨਿਯਮ | 16 |
| 10. | ਵਿਭਿੰਨ ਕਲੱਬ, ਸੁਸਾਇਟੀਆਂ ਅਤੇ ਸਭਾਵਾਂ | 17 |
| 11. | ਮਿਡ ਸਮੈਸਟਰ ਟੈਸਟ | 18 |
| 12. | ਯੂਨੀਵਰਸਿਟੀ ਇਮਤਿਹਾਨ ਲਈ ਪਾਤਰਤਾ ਨਿਯਮ | 18 |
| 13. | ਇਨਾਮਾਂ ਦੇ ਨਿਯਮ | 18 |
| 14. | ਕਾਲਜ ਰੋਲ ਆਫ ਆਨਰ | 19 |
| 15. | ਕਾਲਜ ਕਲਰ | 19 |
| 16. | ਮੈਰਿਟ ਸਰਟੀਫਿਕੇਟ | 19 |
| 17. | ਕਾਲਜ ਦੇ ਵਿਦਿਆਰਥੀਆਂ ਲਈ ਵਿਸ਼ੇਸ਼ ਇਨਾਮ | 19 |
| 18. | ਵਿਦਿਆਰਥੀਆਂ ਲਈ ਆਮ ਨਿਯਮ | 20 |
| 19. | ਫੈਕਲਟੀ/ਵਿਸ਼ਾ ਬਦਲਣ ਸਬੰਧੀ ਨਿਯਮ | 21 |
| 20. | ਇੱਛੁਕ ਗਤੀਵਿਧੀਆਂ ਅਤੇ ਕਲੰਡਰ 2022-23 | 22 |
| 21. | ਦਾਖਲਾ ਕਮੇਟੀਆਂ | 23 |
| 22. | ਦਾਖ਼ਲਿਆਂ ਦਾ ਸ਼ਡਿਊਲ | 24 |
| 23. | ਬੇਦਾਅਵਾ | 25 |

# ਜਾਣ-ਪਹਿਚਾਣ

ਚੰਡੀਗੜ੍ਹ ਅੰਬਾਲਾ ਸੜਕ ਤੋਂ 700 ਮੀਟਰ ਦੀ ਵਿੱਥ ਤੇ ਹਰੇ-ਭਰੇ ਜੰਗਲ ਅਤੇ ਕੁਦਰਤੀ ਵਾਤਾਵਰਣ ਦਰਮਿਆਨ ਸਥਿਤ ਸਰਕਾਰੀ ਕਾਲਜ ਡੇਰਾ ਬੱਸੀ ਦਾ ਆਰੰਭ 15 ਜਨਵਰੀ 1975 ਨੂੰ ਉਸ ਸਮੇਂ ਦੇ ਸਥਾਨਕ ਵਿਧਾਇਕ ਤੇ ਖਜ਼ਾਨਾ ਮੰਤਰੀ ਸ੍ਰੀ ਹੰਸ ਰਾਜ ਸ਼ਰਮਾ ਜੀ ਦੇ ਯਤਨਾਂ ਨਾਲ ਡੇਰਾ ਬੱਸੀ ਟਾਊਨ ਦੇ ਪ੍ਰਾਇਮਰੀ ਸਕੂਲ ਦੀ ਇਮਾਰਤ ਵਿੱਚ ਹੋਇਆ। ਪਹਿਲੇ ਸਾਲ ਕੇਵਲ 126 ਵਿਦਿਆਰਥੀਆਂ ਨੇ ਕਾਲਜ ਵਿਖੇ ਦਾਖਲਾ ਲਿਆ। ਅੱਜ ਕਾਲਜ ਵਿਖੇ ਲੱਗਭਗ 1500 ਵਿਦਿਆਰਥੀ ਪੜ੍ਹਦੇ ਹਨ ਤੇ ਆਉਣ ਵਾਲੇ ਸਮੇਂ ਵਿੱਚ ਇਸ ਵਿੱਚ ਨਿਰੰਤਰ ਵਾਧੇ ਦੀ ਸੰਭਾਵਨਾ ਹੈ। ਮਿਤੀ 7 ਫਰਵਰੀ 1984 ਨੂੰ ਕਾਲਜ ਆਪਣੀ ਮੌਜੂਦਾ ਇਮਾਰਤ ਵਿਖੇ ਤਬਦੀਲ ਹੋਇਆ। ਸ਼ਾਂਤੀ ਨਿਕੇਤਨ ਵਰਗੇ ਕੁਦਰਤੀ ਵਾਤਾਵਰਣ ਵਿੱਚ ਸਥਾਪਿਤ ਇਹ ਕਾਲਜ ਵਿੱਦਿਆ ਲਈ ਇੱਕ ਸੁੰਦਰ ਤੇ ਖੁਸ਼ਗਵਾਰ ਮਾਹੌਲ ਪ੍ਰਦਾਨ ਕਰਦਾ ਹੈ। ਕਾਲਜ ਵਿੱਚ ਆਰਟਸ, ਕਾਮਰਸ ਅਤੇ ਸਾਇੰਸ (ਨਾਨ ਮੈਡੀਕਲ) ਦੀ ਡਿਗਰੀ ਪੱਧਰ ਦੀ ਪੜ੍ਹਾਈ ਦਾ ਪ੍ਰਬੰਧ ਹੈ। ਇਸ ਦੇ ਨਾਲ ਹੀ ਕਾਲਜ ਵਿੱਚ ਬੀ.ਕਾਮ ਆਨਰਜ਼ ਅਤੇ ਬੀ.ਸੀ.ਏ. ਦੀਆਂ ਕਲਾਸਾਂ ਸਵੈ ਵਿੱਤੀ ਸਕੀਮ ਅਧੀਨ ਚੱਲ ਰਹੀਆਂ ਹਨ। ਇਸ ਸੈਸ਼ਨ ਤੋਂ ਕਾਲਜ ਵਿੱਚ ਸਕਿੱਲ ਓਰੀਐਂਟਡ ਸਰਟੀਫਿਕੇਟ ਅਤੇ ਡਿਪਲੋਮਾ ਕੋਰਸ ਵੀ ਸ਼ੁਰੂ ਕਰਵਾਏ ਜਾ ਰਹੇ ਹਨ।ਪੜ੍ਹਾਈ ਦੇ ਨਾਲ-ਨਾਲ ਸੱਭਿਆਚਾਰਕ ਗਤੀਵਿਧੀਆਂ, ਫਾਈਨ ਆਰਟਸ, ਸੰਗੀਤ, ਖੇਡਾਂ, ਸਾਹਿਤ, ਐਨ.ਐਸ.ਐਸ. ਆਦਿ ਖੇਤਰਾਂ ਵਿੱਚ ਵਿਦਿਆਰਥੀਆਂ ਦੀ ਰਾਹਨੁਮਾਈ ਲਈ ਵਿਸ਼ੇਸ਼ ਪ੍ਰਬੰਧ ਹੈ। ਇਹ ਕਾਲਜ ਕੁੜੀਆਂ-ਮੁੰਡਿਆਂ ਦਾ ਸਾਂਝਾ ਕਾਲਜ ਹੋਣ ਕਾਰਨ ਇੱਥੇ ਹਰ ਵਿਦਿਆਰਥੀ ਤੋਂ ਸੱਭਿਅਕ ਅਤੇ ਸਲੀਕੇ ਵਾਲੇ ਵਿਵਹਾਰ ਦੀ ਆਸ ਕੀਤੀ ਜਾਂਦੀ ਹੈ। ਵਿਦਿਆਰਥੀਆਂ ਨੂੰ ਵਿੱਦਿਅਕ, ਸਮਾਜਿਕ, ਸੱਭਿਆਚਾਰਕ ਤੇ ਆਰਥਿਕ ਖੇਤਰ ਵਿੱਚ ਨਵੀਂ ਸੇਧ ਪ੍ਰਦਾਨ ਕਰਦਾ ਹੋਇਆ ਇਹ ਕਾਲਜ ਇੱਕ ਚਾਨਣ ਮੁਨਾਰੇ ਦਾ ਕਾਰਜ ਨਿਭਾ ਰਿਹਾ ਹੈ।

# ਕਾਲਜ ਸਟਾਫ਼

## ਪ੍ਰਿੰਸੀਪਲ : ਪ੍ਰੋ. ਡਾ. ਅਮਨਦੀਪ ਕੌਰ

**ਅੰਗਰੇਜ਼ੀ ਵਿਭਾਗ**
1. ਪ੍ਰੋ. ਸਵਿਤਾ ਗੁਪਤਾ (M.A.,M.Phil)
2. ਡਾ. ਨਵਦੀਪ ਕਹੋਲ (M.A., Ph.D)
3. ਖਾਲੀ ਅਸਾਮੀ

**ਪੰਜਾਬੀ ਵਿਭਾਗ**
1. ਡਾ. ਗੁਰਪ੍ਰੀਤ ਕੌਰ (M.A., Ph.D) ਗੈਸਟ ਫੈਕਲਟੀ
2. ਪ੍ਰੋ. ਬੋਮਿੰਦਰ ਕੌਰ (M.A.,M.Phil) ਗੈਸਟ ਫੈਕਲਟੀ
3. ਪ੍ਰੋ. ਅਵਤਾਰ ਸਿੰਘ (M.A.,M.Phil) ਗੈਸਟ ਫੈਕਲਟੀ
4. ਖਾਲੀ ਅਸਾਮੀ

**ਹਿੰਦੀ ਵਿਭਾਗ**
1. ਖਾਲੀ ਅਸਾਮੀ

**ਭੂਗੋਲ ਵਿਭਾਗ**
1. ਪ੍ਰੋ. ਸਲੋਨੀ (M.Sc., M.Phil,Geo.Hon's)
2. ਪ੍ਰੋ. ਮਨਪ੍ਰੀਤ ਕੌਰ (M.A.) ਗੈਸਟ ਫੈਕਲਟੀ

**ਲੋਕ ਪ੍ਰਸ਼ਾਸਨ ਵਿਭਾਗ**
1. ਪ੍ਰੋ. ਅੰਸ਼ੁਲ ਭਾਟੀਆ (M.A., M.Phil)

**ਅਰਥ ਸ਼ਾਸਤਰ ਵਿਭਾਗ**
1. ਡਾ. ਗੁਰਮੀਤ ਸਿੰਘ (M.A.,Ph.D) ਗੈਸਟ ਫੈਕਲਟੀ

**ਰਾਜਨੀਤੀ ਸ਼ਾਸਤਰ ਵਿਭਾਗ**
1. ਪ੍ਰੋ. ਸੁਨੀਲ ਕੁਮਾਰ (M.A.,M.Phil) ਗੈਸਟ ਫੈਕਲਟੀ

**ਇਤਿਹਾਸ ਵਿਭਾਗ**
1. ਪ੍ਰੋ. ਸਿੰਮੀ ਜੌਹਲ (M.A.,M.Phil)

**ਗਣਿਤ ਵਿਭਾਗ**
1. ਪ੍ਰੋ. ਸੁਸ਼ਮਾ (M.Sc.) ਗੈਸਟ ਫੈਕਲਟੀ

**ਸਰੀਰਕ ਸਿੱਖਿਆ ਵਿਭਾਗ**
1. ਪ੍ਰੋ. ਗੁਰਪ੍ਰੀਤ ਕੌਰ (M.P.Ed, Cert. Course in YOGA)
2. ਡਾ. ਨਿਰਮਲ ਸਿੰਘ (M.P.Ed,M.Phil, Ph.D) ਗੈਸਟ ਫੈਕਲਟੀ

**ਫਾਈਨ ਆਰਟਸ ਵਿਭਾਗ**
1. ਪ੍ਰੋ. ਨਵਜੋਤ ਕੌਰ (M.A.)
2. ਪ੍ਰੋ. ਮੇਘਾ ਗੋਇਲ (M.A., M.Ed.)
3. ਪ੍ਰੋ. ਰਵਿੰਦਰ ਸਿੰਘ (M.A.,M.Phil) ਗੈਸਟ ਫੈਕਲਟੀ
4. ਪ੍ਰੋ. ਕਿਰਨਪ੍ਰੀਤ ਕੌਰ (M.A.,B.Ed.& Dip in Art & Craft) ਗੈਸਟ ਫੈਕਲਟੀ

**ਸਮਾਜ ਸ਼ਾਸਤਰ ਵਿਭਾਗ**
1. ਪ੍ਰੋ. ਰਸ਼ਮੀ (M.A., Gold Medalist in Sociology Honours)
2. ਡਾ. ਹਰਵਿੰਦਰ ਕੌਰ (M.A.,M.Phil & Ph.D) ਗੈਸਟ ਫੈਕਲਟੀ

**ਹੋਮ ਸਾਇੰਸ ਵਿਭਾਗ**
1. ਪ੍ਰੋ. ਆਮੀ ਭੱਲਾ (M.Sc.)
2. ਡਾ. ਸੁਮਿਤਾ ਕਟੋਚ (M.Sc.,Ph.D) ਗੈਸਟ ਫੈਕਲਟੀ

**ਸੰਗੀਤ ਵਿਭਾਗ**
1. ਪ੍ਰੋ. ਮੋਹਨੀਸ਼ ਆਰਿਆ (M.A.)
2. ਪ੍ਰੋ. ਬਲਜਿੰਦਰ ਸਿੰਘ (M.A.,M.Phil) ਗੈਸਟ ਫੈਕਲਟੀ

**ਕਾਮਰਸ ਵਿਭਾਗ**
1. ਡਾ. ਪ੍ਰਭਜੋਤ ਕੌਰ (M.Com., Ph.D) ਗੈਸਟ ਫੈਕਲਟੀ
2. ਪ੍ਰੋ. ਕਨੂੰ ਗਰਗ (M.Com.) ਗੈਸਟ ਫੈਕਲਟੀ
3. ਖਾਲੀ ਅਸਾਮੀ

**ਭੌਤਿਕ ਵਿਗਿਆਨ**
1. ਪ੍ਰੋ. ਰਾਜਬੀਰ ਕੌਰ (M.Sc., M.Phil)
2. ਖਾਲੀ ਅਸਾਮੀ

**ਰਸਾਇਣ ਵਿਗਿਆਨ**
1. ਡਾ. ਅਮਰਜੀਤ ਕੌਰ (M.Sc., Ph.D)
2. ਪ੍ਰੋ. ਸ਼ਵੇਤਾ ਖਰਬੰਦਾ (M.Sc.,B.Ed) ਗੈਸਟ ਫੈਕਲਟੀ

**ਕੰਪਿਊਟਰ ਵਿਭਾਗ**
1. ਪ੍ਰੋ. ਨੈਨਸੀ (M.C.A) ਗੈਸਟ ਫੈਕਲਟੀ

**ਲਾਇਬ੍ਰੇਰੀਅਨ –**
1. ਸ੍ਰੀਮਤੀ ਭੁਪਿੰਦਰ ਕੌਰ

**ਪ੍ਰਬੰਧਕੀ ਅਮਲਾ**

**ਸੁਪਰਡੈਂਟ**
1. ਖਾਲੀ ਅਸਾਮੀ

**ਸਟੈਨੋ-ਟਾਈਪਿਸਟ**
1. ਸ੍ਰੀਮਤੀ ਸਲੋਨੀ

**ਜੂਨੀਅਰ ਸਹਾਇਕ**
1. ਸ੍ਰੀ ਪ੍ਰਵੀਨ ਚੰਦਰ ਸ਼ਰਮਾ
2. ਸ੍ਰੀ ਮਨਪ੍ਰੀਤ ਸਿੰਘ
3. ਸ੍ਰੀ ਸੂਬੇ ਸਿੰਘ

**ਲਾਇਬ੍ਰੇਰੀ ਰਿਸਟੋਰਰ**
1. ਖਾਲੀ ਅਸਾਮੀ

**ਲਾਇਬ੍ਰੇਰੀ ਅਟੈਂਡੈਂਟ**
1. ਸ੍ਰੀ ਨਵਨੀਤ ਖੇੜਾ.
2. ਖਾਲੀ ਅਸਾਮੀ

**ਲੈਬਾਰਟਰੀ ਸਟਾਫ਼**

**ਸੀਨੀ. ਲੈਕਚਰ ਅਸਿਸਟੈਂਟ**
1. ਸ੍ਰੀ ਜਗਮੋਹਨ ਸਿੰਘ
2. ਖਾਲੀ ਅਸਾਮੀ

**ਜੂਨੀ. ਲੈਕਚਰ ਅਸਿਸਟੈਂਟ**
1. ਸ੍ਰੀ ਅਭੈ ਸਾਗਰ
2. ਸ੍ਰੀ ਜਸਪ੍ਰੀਤ ਸਿਘ
3. ਸ੍ਰੀਮਤੀ ਡੇਜਿੰਦਰ ਕੌਰ
4. ਖਾਲੀ ਅਸਾਮੀ
5. ਖਾਲੀ ਅਸਾਮੀ

**ਸੀਨੀ. ਲੈਬ ਅਟੈਂਡੈਂਟ**
1. ਸ੍ਰੀ ਜੋਗਿੰਦਰ ਸਿੰਘ

**ਲੈਬਾਰਟਰੀ ਅਟੈਂਡੈਂਟ**
1. ਸ੍ਰੀ ਜਸਮੇਰ ਸਿੰਘ
2. ਸ੍ਰੀ ਧਰਮ ਸਿੰਘ
3. ਸ੍ਰੀ ਬਲਦੇਵ ਸਿੰਘ
4. ਸ੍ਰੀ ਪ੍ਰਵੀਨ ਕੁਮਾਰ

**ਤਬਲਾ ਇਸਟਰਕਟਰ**
1. ਖਾਲੀ ਅਸਾਮੀ

**ਦਰਜਾ ਚਾਰ ਕਰਮਚਾਰੀ**
1. ਸ੍ਰੀ ਹਲਵਿੰਦਰ ਸਿੰਘ
2. ਸ੍ਰੀ ਹਰਮਿੰਦਰ ਸਿੰਘ
3. ਸ੍ਰੀ ਹਰਨਾਮ ਸਿੰਘ
4. ਸ੍ਰੀ ਗਗਨ ਅਗਰਵਾਲ
5. ਸ੍ਰੀ ਰਾਮ ਕਿਰਪਾਲ
6. ਸ੍ਰੀਮਤੀ ਸੁਮਨ ਲੱਤਾ
7. ਸ੍ਰੀਮਤੀ ਸੁਮਨ ਲੱਤਾ
8. ਸ੍ਰੀਮਤੀ ਜਯੋਤੀ
9. ਸ੍ਰੀ ਰਿੰਕੂ ਕੁਮਾਰ
10. ਸ੍ਰੀ ਸੁਨੀਤ ਕੁਮਾਰ
11. ਸ੍ਰੀ ਸੁਖਦੇਵ ਸਿੰਘ
12. ਖਾਲੀ ਅਸਾਮੀ
13. ਖਾਲੀ ਅਸਾਮੀ

# ਪ੍ਰਮੁੱਖ ਪ੍ਰਬੰਧਕੀ ਕਮੇਟੀਆਂ

## ਪ੍ਰਿੰਸੀਪਲ : ਪ੍ਰੋ. (ਡਾ.) ਅਮਨਦੀਪ ਕੌਰ

**1. ਕਾਲਜ ਕੌਂਸਲ**

1. ਪ੍ਰੋ. ਸਿੰਮੀ ਜੋਹਲ
2. ਡਾ. ਅਮਰਜੀਤ ਕੌਰ
3. ਪ੍ਰੋ. ਆਮੀ ਭੱਲਾ
4. ਪ੍ਰੋ. ਰਾਜਬੀਰ ਕੌਰ
5. ਪ੍ਰੋ. ਸਵਿਤਾ ਗੁਪਤਾ
6. ਡਾ. ਨਵਦੀਪ ਕਹੋਲ
7. ਪ੍ਰੋ. ਸਲੋਨੀ
8. ਸ੍ਰੀਮਤੀ ਭੁਪਿੰਦਰ ਕੌਰ

**2. ਸੀਨੀਅਰ ਟਿਊਟਰ**

1. ਪ੍ਰੋ. ਸਿੰਮੀ ਜੋਹਲ
2. ਪ੍ਰੋ. ਆਮੀ ਭੱਲਾ

**3. ਐਚ.ਈ.ਆਈ.ਐਸ.**

1. ਡਾ. ਅਮਰਜੀਤ ਕੌਰ
2. ਪ੍ਰੋ. ਸਵਿਤਾ ਗੁਪਤਾ
3. ਪ੍ਰੋ. ਰਾਜਬੀਰ ਕੌਰ
4. ਸ੍ਰੀ ਸੂਬੇ ਸਿੰਘ

**4. ਬਰਸਰ**

1. ਪ੍ਰੋ. ਆਮੀ ਭੱਲਾ

**5. ਰਜਿਸਟਰਾਰ ਪ੍ਰੀਖਿਆ**

1. ਪ੍ਰੋ. ਸਵਿਤਾ ਗੁਪਤਾ (ਰਜਿਸਟਰਾਰ)
2. ਪ੍ਰੋ. ਮੇਘਾ ਗੋਇਲ
3. ਪ੍ਰੋ. ਪ੍ਰਭਜੋਤ ਕੌਰ
4. ਪ੍ਰੋ. ਰਵਿੰਦਰ ਜੀਤ
5. ਪ੍ਰੋ. ਸੁਮਿਤਾ ਕਟੋਚ
6. ਪ੍ਰੋ. ਅਵਤਾਰ ਸਿੰਘ
7. ਪ੍ਰੋ. ਗੁਰਮੀਤ ਸਿੰਘ
8. ਸ੍ਰੀ ਮਨਪ੍ਰੀਤ ਸਿੰਘ (ਜੂਨੀ.ਸਹਾ)

**6. ਸਕਾਲਰਸ਼ਿਪ ਅਤੇ ਵਿੱਤੀ-ਸਹਾਇਤਾ**

1. ਡਾ. ਨਵਦੀਪ ਕਹੋਲ
2. ਪ੍ਰੋ. ਨੈਨਸੀ
3. ਪ੍ਰੋ. ਮਨਪ੍ਰੀਤ ਕੌਰ
4. ਪ੍ਰੋ. ਬਲਜਿੰਦਰ ਸਿੰਘ
5. ਪ੍ਰੋ. ਸੁਸ਼ਮਾ
6. ਪ੍ਰੋ. ਗੁਰਮੀਤ ਸਿੰਘ
7. ਪ੍ਰੋ. ਨਿਧੀ ਗੁਪਤਾ
8. ਪ੍ਰੋ. ਅਮਰਿੰਦਰ ਕੌਰ
9. ਸ੍ਰੀ ਮਨਪ੍ਰੀਤ ਸਿੰਘ (ਜੂਨੀ.ਸਹਾ)
10. ਸ੍ਰੀਮਤੀ ਡੇਜਿੰਦਰ ਕੌਰ (ਜੇ.ਐਲ.ਏ.)

**7. ਐਨ.ਐਸ.ਐਸ. ਅਤੇ ਯੂਥ ਕਲੱਬ**

1. ਡਾ. ਅਮਰਜੀਤ ਕੌਰ (ਕਨਵੀਨਰ)
2. ਪ੍ਰੋ. ਗੁਰਪ੍ਰੀਤ ਕੌਰ (ਫਿਜ਼ੀ ਐਜੂ) (ਕੋ-ਕਨਵੀਨਰ)
3. ਪ੍ਰੋ. ਰਵਿੰਦਰ ਸਿੰਘ
4. ਪ੍ਰੋ. ਰਵਿੰਦਰ ਜੀਤ
5. ਪ੍ਰੋ. ਬੋਮਿੰਦਰ ਕੌਰ
6. ਪ੍ਰੋ. ਬਲਜਿੰਦਰ ਸਿੰਘ
7. ਪ੍ਰੋ. ਸੁਨੀਲ ਕੁਮਾਰ
8. ਸ੍ਰੀ ਜਸਪ੍ਰੀਤ ਸਿੰਘ(ਜੇ.ਐਲ.ਏ.)
9. ਸ੍ਰੀ ਹਰਨਾਮ ਸਿੰਘ (ਬੇਲਦਾਰ)

**8. ਵੂਮੈਨ ਸੈਲ/ਸੈਕਸੁਅਲ ਹੈਰਾਸਮੈਂਟ ਕਮੇਟੀ**

1. ਪ੍ਰੋ. ਸਿੰਮੀ ਜੋਹਲ
2. ਪ੍ਰੋ. ਰਾਜਬੀਰ ਕੌਰ
3. ਪ੍ਰੋ. ਸਵਿਤਾ ਗੁਪਤਾ

**9. ਰੈਗਿੰਗ ਵਿਰੁੱਧ ਕਮੇਟੀ**

1. ਪ੍ਰੋ. ਸਿੰਮੀ ਜੋਹਲ
2 ਡਾ. ਅਮਰਜੀਤ ਕੌਰ
3. ਪ੍ਰੋ. ਸਵਿਤਾ ਗੁਪਤਾ

**10. ਸੱਭਿਆਚਾਰਕ ਗਤੀਵਿਧੀਆਂ**

1. ਪ੍ਰੋ. ਨਵਜੋਤ ਕੌਰ
2. ਪ੍ਰੋ. ਮੋਹਨੀਸ਼ ਆਰੀਆ
3. ਪ੍ਰੋ. ਰਵਿੰਦਰ ਸਿੰਘ
4. ਡਾ. ਗੁਰਪ੍ਰੀਤ ਕੌਰ
5. ਪ੍ਰੋ. ਪ੍ਰਭਜੋਤ ਕੌਰ
6. ਪ੍ਰੋ. ਕਿਰਨਪ੍ਰੀਤ
7. ਪ੍ਰੋ. ਬਲਜਿੰਦਰ ਸਿੰਘ
8. ਪ੍ਰੋ. ਅਵਤਾਰ ਸਿੰਘ
9. ਪ੍ਰੋ. ਅਮਰਿੰਦਰ ਕੌਰ

10. ਪ੍ਰੋ. ਨਿਧੀ ਗੁਪਤਾ

**11. ਕੈਰੀਅਰ ਗਾਈਡੈਂਸ, ਕੌਂਸਲਿੰਗ, ਪਲੇਸਮੈਂਟ ਸੈੱਲ**

1. ਪ੍ਰੋ. ਸਿੰਮੀ ਜੋਹਲ
2. ਪ੍ਰੋ. ਰਸ਼ਮੀ ਕੁਮਾਰੀ
3. ਪ੍ਰੋ. ਬੋਮਿੰਦਰ ਕੌਰ
4. ਪ੍ਰੋ. ਸੁਨੀਲ ਕੁਮਾਰ
5. ਪ੍ਰੋ. ਗੁਰਮੀਤ ਸਿੰਘ
6. ਪ੍ਰੋ. ਨਿਰਮਲ ਸਿੰਘ
7. ਪ੍ਰੋ. ਅਮਨਜੀਤ ਕੌਰ

**12. ਡਰੱਗ ਡੀ-ਅਡਿਕਸ਼ਨ ਰੈਡ ਰਿਬਨ ਕਲੱਬ, ਰੈਡ ਕਰਾਸ (ਫਸਟ ਏਡ) ਅਤੇ ਸਪੈਸ਼ਲੀ ਏਬਲਡ ਪਰਸਨਜ਼**

1. ਡਾ. ਅਮਰਜੀਤ ਕੌਰ
2. ਪ੍ਰੋ. ਅੰਸ਼ੁਲ ਭਾਟੀਆ
3. ਪ੍ਰੋ. ਹਰਵਿੰਦਰ ਕੌਰ
4 ਪ੍ਰੋ. ਬਲਜਿੰਦਰ ਸਿੰਘ
5. ਪ੍ਰੋ. ਕੰਨੂ ਗਰਗ
6. ਪ੍ਰੋ. ਸੁਸ਼ਮਾ
7. ਪ੍ਰੋ. ਕਿਰਨਪ੍ਰੀਤ ਕੌਰ
8. ਪ੍ਰੋ. ਸ਼ਵੇਤਾ ਖਰਬੰਦਾ
9. ਸ੍ਰੀ ਪਰਵੀਨ ਕੁਮਾਰ

**13. ਲਰਨਿੰਗ ਲਾਇਸੈਂਸ, ਬੱਸ ਪਾਸ ਅਤੇ ਟ੍ਰੈਫਿਕ ਨਿਯਮ, ਵੋਟਰ ਕਾਰਡ ਅਤੇ ਫਰੀ ਲੀਗਲ ਏਡ ਸੋਸਾਇਟੀ**

1. ਪ੍ਰੋ. ਸਿੰਮੀ ਜੋਹਲ (ਕਨਵੀਨਰ)
2. ਪ੍ਰੋ. ਪ੍ਰਭਜੋਤ ਕੌਰ
3. ਪ੍ਰੋ. ਬੋਮਿੰਦਰ ਕੌਰ
4. ਪ੍ਰੋ. ਗੁਰਮੀਤ ਸਿੰਘ
5. ਸ੍ਰੀ ਜਗਮੋਹਨ ਸਿੰਘ
6. ਸ੍ਰੀ ਬਲਦੇਵ ਸਿੰਘ (ਐਲ.ਏ.)

**14. ਡਿਸੀਪਲਨ ਕਮੇਟੀ**

1. ਡਾ. ਅਮਰਜੀਤ ਕੌਰ
2. ਪ੍ਰੋ. ਰਵਿੰਦਰ ਸਿੰਘ
3. ਪ੍ਰੋ. ਹਰਵਿੰਦਰ ਕੌਰ
4. ਪ੍ਰੋ. ਮਨਪ੍ਰੀਤ ਕੌਰ
5. ਪ੍ਰੋ. ਅਵਤਾਰ ਸਿੰਘ
6. ਪ੍ਰੋ. ਗੁਰਮੀਤ ਸਿੰਘ
7. ਪ੍ਰੋ. ਅਮਰਿੰਦਰ ਕੌਰ
8. ਪ੍ਰੋ. ਅਮਨਜੀਤ ਕੌਰ
9. ਪ੍ਰੋ. ਨਿਧੀ ਗੁਪਤਾ

**15. ਲੈਕਚਰ ਸ਼ਾਰਟੇਜ**

1. ਡਾ. ਅਮਰਜੀਤ ਕੌਰ
2. ਡਾ. ਗੁਰਪ੍ਰੀਤ ਕੌਰ
3. ਪ੍ਰੋ. ਸੁਸ਼ਮਾ
4. ਪ੍ਰੋ. ਕੰਨੂ ਗਰਗ
5. ਪ੍ਰੋ. ਤਰਨਦੀਪ ਕੌਰ

**16. ਟਾਈਮ ਟੇਬਲ ਅਤੇ ਵਿਸ਼ਾ ਬਦਲੀ**

1. ਪ੍ਰੋ. ਆਮੀ ਭੱਲਾ
2. ਡਾ. ਅਮਰਜੀਤ ਕੌਰ
3. ਪ੍ਰੋ. ਤਰਨਦੀਪ ਕੌਰ
4. ਪ੍ਰੋ. ਜੈਤਿਕਾ

**17. ਲਾਇਬ੍ਰੇਰੀ ਕਮੇਟੀ (ਰਿਵਾਈਜ਼ਡ)**

1. ਸ੍ਰੀਮਤੀ ਭੁਪਿੰਦਰ ਕੌਰ, ਲਾਇਬ੍ਰੇਰੀਅਨ-ਇੰਚਾਰਜ
2. ਡਾ. ਅਮਰਜੀਤ ਕੌਰ
3. ਡਾ. ਨਵਦੀਪ ਕਹੋਲ
4. ਪ੍ਰੋ. ਰਸ਼ਮੀ ਕੁਮਾਰੀ
5. ਪ੍ਰੋ. ਗੁਰਪ੍ਰੀਤ ਕੌਰ
6. ਡਾ. ਪ੍ਰਭਜੋਤ ਕੌਰ

**18. ਕਾਲਜ ਰਿਪੋਰਟ/ ਮੈਗਜ਼ੀਨ ਕਮੇਟੀ**

1. ਡਾ. ਨਵਦੀਪ ਕਹੋਲ
2. ਡਾ. ਗੁਰਪ੍ਰੀਤ ਕੌਰ (ਕਾ.ਰਿਪੋਰਟ)
3. ਪ੍ਰੋ. ਅਵਤਾਰ ਸਿੰਘ (ਕਾ.ਮੈਗਜ਼ੀਨ)

**19. ਲਾਇਬ੍ਰੇਰੀ-ਕਮ ਕਾਲਜ ਆਈ ਕਾਰਡ ਬਨਾਉਣ ਦੀ ਕਮੇਟੀ**

1. ਸ੍ਰੀਮਤੀ ਭੁਪਿੰਦਰ ਕੌਰ (ਲਾਇਬ੍ਰੇਰੀਅਨ)
2. ਪ੍ਰੋ. ਅੰਸ਼ੁਲ ਭਾਟੀਆ
3. ਪ੍ਰੋ. ਰਸ਼ਮੀ ਕੁਮਾਰੀ
4. ਡਾ. ਪ੍ਰਭਜੋਤ ਕੌਰ
5. ਪ੍ਰੋ. ਸ਼ਵੇਤਾ ਖਰਬੰਦਾ

**20. ਫੀਸ ਮੁਆਫ ਕਮੇਟੀ**

1. ਪ੍ਰੋ. ਸਿੰਮੀ ਜੋਹਲ
2. ਪ੍ਰੋ. ਆਮੀ ਭੱਲਾ
3. ਪ੍ਰੋ. ਰਾਜਬੀਰ ਕੌਰ
4. ਪ੍ਰੋ. ਸਵਿਤਾ ਗੁਪਤਾ

**21. ਸੈਨੀਟਾਈਜ਼ੇਸ਼ਨ ਅਤੇ ਹਾਈਜੇਨ ਕਮੇਟੀ**

1. ਪ੍ਰੋ. ਮੋਹਨੀਸ਼ ਆਰੀਆ
2. ਪ੍ਰੋ. ਬੋਮਿੰਦਰ ਕੌਰ
3. ਪ੍ਰੋ. ਨੈਨਸੀ
4. ਪ੍ਰੋ. ਕਿਰਨਪ੍ਰੀਤ

**22. ਸਵੱਛਤਾ**

1. ਸ੍ਰੀਮਤੀ ਭੁਪਿੰਦਰ ਕੌਰ
2. ਪ੍ਰੋ. ਹਰਵਿੰਦਰ ਕੌਰ
3. ਡਾ. ਗੁਰਪ੍ਰੀਤ ਕੌਰ
4. ਪ੍ਰੋ. ਬਲਜਿੰਦਰ ਸਿੰਘ
5. ਪ੍ਰੋ. ਸੁਸ਼ਮਾ
6. ਪ੍ਰੋ. ਨਿਰਮਲ ਸਿੰਘ

**23. ਵਾਤਾਵਰਨ**

1. ਪ੍ਰੋ. ਗੁਰਪ੍ਰੀਤ ਕੌਰ (ਫਿਜ਼ੀ.ਐਜੂ)
2. ਪ੍ਰੋ. ਮੇਘਾ ਗੋਇਲ
3. ਪ੍ਰੋ. ਸ਼ਵੇਤਾ ਖਰਬੰਦਾ
4. ਪ੍ਰੋ. ਬੋਮਿੰਦਰ ਕੌਰ
5. ਪ੍ਰੋ. ਸੁਮਿਤਾ ਕਟੋਚ

**24. ਕੰਟੀਨ ਕਮੇਟੀ**

1. ਪ੍ਰੋ. ਸਿੰਮੀ ਜ਼ੋਹਲ
2. ਡਾ. ਅਮਰਜੀਤ ਕੌਰ
3. ਪ੍ਰੋ. ਆਮੀ ਭੱਲਾ
4. ਪ੍ਰੋ. ਗੁਰਪ੍ਰੀਤ ਕੌਰ(ਫਿਜ਼ੀ.ਐਜੂ)
5. ਪ੍ਰੋ. ਸੁਮਿਤਾ ਕਟੋਚ

# ਦਾਖਲੇ ਲਈ ਨਿਯਮ

2022-23 ਦੇ ਵਿਦਿਅਕ ਵਰ੍ਹੇ ਲਈ ਵੱਖ-ਵੱਖ ਸ਼੍ਰੇਣੀਆਂ ਵਿੱਚ ਹੇਠ ਲਿਖੇ ਨਿਯਮਾਂ ਅਨੁਸਾਰ ਦਾਖਲਾ ਕੀਤਾ ਜਾਵੇਗਾ:-

1. ਸਮੈਸਟਰ ਪਹਿਲਾ ਵਿੱਚ ਦਾਖਲਾ ਲੈਣ ਵਾਲੇ ਵਿਦਿਆਰਥੀ ਪੰਜਾਬ ਸਰਕਾਰ ਦੇ ਆਨਲਾਈਨ ਐਡਮਿਸ਼ਨ ਪੋਰਟਲ admission.punjab.gov.in ਉੱਪਰ ਜਾ ਕੇ ਆਨਲਾਈਨ ਦਾਖਲਾ ਫ਼ਾਰਮ ਭਰਨਗੇ।ਸਮੈਸਟਰ ਤੀਜੇ ਅਤੇ ਪੰਜਵੇਂ ਵਿੱਚ ਦਾਖਲਾ ਲੈਣ ਦੇ ਇੱਛੁਕ ਵਿਦਿਆਰਥੀ ਕਾਲਜ ਦੇ ਦਾਖਲਾ ਪੋਰਟਲ gcderabassi.ac.in ਉੱਪਰ ਆਨਲਾਈਨ ਦਾਖਲਾ ਫਾਰਮ ਭਰਨਗੇ।
2. ਦਾਖਲਾ ਪੰਜਾਬੀ ਯੂਨੀਵਰਸਿਟੀ ਪਟਿਆਲਾ, ਪੰਜਾਬ ਸਰਕਾਰ ਅਤੇ ਕਾਲਜ ਵੱਲੋਂ ਨਿਰਧਾਰਿਤ ਮਿਤੀਆਂ ਅਤੇ ਨਿਯਮਾਂ ਅਨੁਸਾਰ ਕੀਤਾ ਜਾਵੇਗਾ।
3. ਜੇਕਰ ਦਾਖਲੇ ਦੀ ਆਖਰੀ ਮਿਤੀ ਵਾਲੇ ਦਿਨ ਸਰਕਾਰੀ ਛੁੱਟੀ ਹੋਵੇ ਤਾਂ ਅਗਲੇ ਕੰਮ ਕਰਨ ਵਾਲੇ ਦਿਨ ਵਿਦਿਆਰਥੀਆਂ ਨੂੰ ਦਾਖਲਾ ਦਿੱਤਾ ਜਾਵੇਗਾ।
4. **ਜਿਨ੍ਹਾਂ ਵਿਦਿਆਰਥੀਆਂ ਨੇ 10+2 ਦੀ ਪ੍ਰੀਖਿਆ ਪੰਜਾਬ ਸਕੂਲ ਸਿੱਖਿਆ ਬੋਰਡ, ਮੋਹਾਲੀ, ਬੋਰਡ ਆਫ ਸਕੂਲ ਐਜੂਕੇਸ਼ਨ ਹਰਿਆਣਾ, ਹਿਮਾਚਲ ਪ੍ਰਦੇਸ਼ ਬੋਰਡ ਆਫ ਸਕੂਲ ਐਜੂਕੇਸ਼ਨ, ਸੀ.ਬੀ.ਐਸ.ਈ. ਅਤੇ ਆਈ.ਸੀ.ਐਸ.ਈ. ਬੋਰਡਾ. ਤੋਂ ਪਾਸ ਕੀਤੀ ਹੈ ਨੂੰ ਛੱਡ ਕੇ ਦੂਜੇ ਰਾਜਾਂ ਤੋਂ 10+2 ਦੀ ਪ੍ਰੀਖਿਆ ਪਾਸ ਕਰਨ ਵਾਲੇ ਵਿਦਿਆਰਥੀਆਂ ਨੂੰ ਦਾਖਲੇ ਲਈ ਯੂਨੀਵਰਸਿਟੀ ਦੀ ਰਜਿਸਟ੍ਰੇਸ਼ਨ ਬ੍ਰਾਂਚ ਤੋਂ ਪਾਤਰਤਾ (Eligibility) ਸਰਟੀਫਿਕੇਟ ਪ੍ਰਾਪਤ ਕਰਨਾ ਲਾਜ਼ਮੀ ਹੋਵੇਗਾ।**
5. ਬੀ.ਏ., ਬੀ.ਐਸ.ਸੀ., ਬੀ.ਕਾਮ., ਬੀ.ਕਾਮ (ਆਨਰਜ਼) ਅਤੇ ਬੀ.ਸੀ.ਏ. ਦੇ ਸਮੈਸਟਰ III ਅਤੇ V ਵਿੱਚ ਵਿਦਿਆਰਥੀ ਨੂੰ ਤਾਂ ਹੀ ਦਾਖਲਾ ਦਿੱਤਾ ਜਾਵੇਗਾ ਜੇਕਰ ਉਸਦੇ ਪਹਿਲੇ ਸਮੈਸਟਰਾਂ ਦੇ ਘੱਟੋ ਘੱਟ 50% ਪੇਪਰ ਕਲੀਅਰ ਹੋਣਗੇ। ਜੇਕਰ ਵਿਦਿਆਰਥੀ ਦੇ II ਅਤੇ VI ਸਮੈਸਟਰ ਦਾ ਨਤੀਜਾ ਨਾ ਆਇਆ ਹੋਵੇ ਤਾਂ ਉਸਨੂੰ ਆਰਜ਼ੀ ਤੌਰ ਤੇ ਅਗਲੇ ਸਮੈਸਟਰ ਵਿੱਚ ਦਾਖਲਾ ਦੇ ਦਿੱਤਾ ਜਾਵੇਗਾ। ਪਰੰਤੂ ਉਸ ਸਮੈਸਟਰ ਦਾ ਇਮਤਿਹਾਨ ਦੇਣ ਦੀ ਆਗਿਆ ਤਾਂ ਹੀ ਮਿਲੇਗੀ ਜੇਕਰ ਉਕਤ ਸ਼ਰਤ ਪੂਰੀ ਹੋਵੇਗੀ।
6. 10+2 ਵਿੱਚੋਂ ਰੀਅਪੀਅਰ ਵਾਲੇ ਉਮੀਦਵਾਰ ਨੂੰ ਦਾਖਲੇ ਲਈ ਯੂਨੀਵਰਸਿਟੀ ਨਿਯਮਾਂ ਅਨੁਸਾਰ ਵਿਚਾਰਿਆ ਜਾਵੇਗਾ।
7. **ਗਲਤ ਜਾਂ ਝੂਠੇ ਬਿਆਨ ਤੇ ਲਿਆ ਗਿਆ ਦਾਖਲਾ ਕਿਸੇ ਵੀ ਸਮੇਂ ਰੱਦ ਕੀਤਾ ਜਾ ਸਕਦਾ ਹੈ।**
8. ਕਾਲਜ ਅਨੁਸ਼ਾਸਨ ਦੇ ਹਿੱਤਾਂ ਲਈ ਪ੍ਰਿੰਸੀਪਲ ਨੂੰ ਕਿਸੇ ਵੀ ਵਿਦਿਆਰਥੀ ਦਾ ਦਾਖਲਾ ਅਸਵੀਕਾਰ ਕਰਨ ਦਾ ਪੂਰਾ ਅਧਿਕਾਰ ਹੈ।
9. ਕਾਲਜ ਵਿੱਚ ਦਾਖਲ ਹੋਏ ਹਰ ਵਿਦਿਆਰਥੀ ਦਾ ਦਾਖਲਾ ਉਸ ਸਮੇਂ ਤੱਕ ਆਰਜ਼ੀ ਹੈ ਜਦੋਂ ਤੱਕ ਉਸ ਨੂੰ ਯੂਨੀਵਰਸਿਟੀ ਤੋਂ ਪ੍ਰਵਾਨਗੀ ਪ੍ਰਾਪਤ ਨਹੀਂ ਹੋ ਜਾਂਦੀ। ਕਿਸੇ ਵਿਦਿਆਰਥੀ ਨੂੰ ਕਿਸੇ ਵੀ ਕਾਰਨ ਦਾਖਲੇ ਦੀ ਮਨਜ਼ੂਰੀ ਨਾ ਮਿਲਣ ਤੇ ਕਾਲਜ ਜ਼ਿੰਮੇਵਾਰ ਨਹੀਂ ਹੋਵੇਗਾ।
10. ਗੈਪ ਵਾਲੇ ਉਮੀਦਵਾਰਾਂ ਨੂੰ ਸੀਟਾਂ ਦੇ ਉਪਲਬਧ ਹੋਣ ’ਤੇ ਹੀ ਦਾਖਲ ਕੀਤਾ ਜਾਵੇਗਾ।
11. ਪੱਛੜੀਆਂ ਸ਼੍ਰੇਣੀਆਂ, ਅਨੁਸੂਚਿਤ ਜਾਤੀਆਂ ਅਤੇ ਘੱਟ ਗਿਣਤੀਆਂ ਲਈ ਨਿਯਮਾਂ ਅਧੀਨ ਸੀਟਾਂ ਰਾਖਵੀਆਂ/ਹੋਰ ਸਹੂਲਤਾਂ ਉਪਲਬਧ ਹਨ। ਇਹ ਉਮੀਦਵਾਰ ਕਾਲਜ ਦਾਖਲੇ ਸਮੇਂ ਸਬੰਧਿਤ ਸ਼੍ਰੇਣੀ ਦੇ ਪ੍ਰਮਾਣ ਪੱਤਰ ਜਮ੍ਹਾਂ ਕਰਵਾਉਣ ਤੇ ਹੀ ਸਬੰਧਿਤ ਸਹੂਲਤਾਂ ਦੇ ਹੱਕਦਾਰ ਬਣ ਸਕਣਗੇ। ਇਨ੍ਹਾਂ ਦੁਆਰਾ ਪੇਸ਼ ਕੀਤੇ ਗਏ ਪ੍ਰਮਾਣ-ਪੱਤਰ ਦੀ ਸਬੰਧਿਤ ਅਧਿਕਾਰੀ ਤੋਂ ਜਾਂਚ ਕਰਵਾਈ ਜਾ ਸਕਦੀ ਹੈ।
12. ਚੰਗੇ ਖਿਡਾਰੀਆਂ ਲਈ ਨਿਯਮਾਂ ਅਧੀਨ ਦਾਖਲੇ ਲਈ ਰਿਆਇਤ ਦਿੱਤੀ ਜਾਵੇਗੀ।
13. ਵਿਸ਼ਿਆਂ ਦੇ ਨਿਰਧਾਰਿਤ ਜੁੱਟ ਹੀ ਦਿੱਤੇ ਜਾਣਗੇ। ਹਰ ਵਿਸ਼ੇ ਵਿੱਚ ਨਿਰਧਾਰਤ ਗਿਣਤੀ ਪੂਰੀ ਹੋਣ ਤੋਂ ਬਾਅਦ ਉਹ ਵਿਸ਼ਾ ਨਹੀਂ ਦਿੱਤਾ ਜਾਵੇਗਾ।
14. ਦਾਖਲਾ ਮੈਰਿਟ ਅਨੁਸਾਰ ਕੀਤਾ ਜਾਵੇਗਾ। ਘੱਟ ਨੰਬਰਾਂ ਵਾਲੇ ਵਿਦਿਆਰਥੀਆਂ ਨੂੰ ਦਾਖਲੇ ਤੋਂ ਇਨਕਾਰ ਕੀਤਾ ਜਾ ਸਕਦਾ ਹੈ। ਫੇਲ੍ਹ ਵਿਦਿਆਰਥੀ ਮੁੜ ਦਾਖਲ ਨਹੀਂ ਕੀਤੇ ਜਾਣਗੇ।
15. ਦਸਵੀਂ ਤੱਕ ਦੀ ਪੜ੍ਹਾਈ ਕਿਸੇ ਪਿੰਡ ਦੇ ਸਕੂਲ ਵਿੱਚੋਂ ਪਾਸ ਕਰਨ ਵਾਲੇ ਉਮੀਦਵਾਰ ਨੂੰ ਹੀ ਪੇਂਡੂ ਮੰਨਿਆ ਜਾਵੇਗਾ।
16. ਜੇਕਰ ਕੋਈ ਵਿਦਿਆਰਥੀ ਕਿਸੇ ਹੋਰ ਯੂਨੀਵਰਸਿਟੀ ਤੋਂ ਕੋਈ ਸਮੈਸਟਰ ਪਾਸ ਕਰਨ ਉਪਰੰਤ ਇਸ ਕਾਲਜ ਵਿਖੇ ਦਾਖਲਾ ਲੈਂਦਾ ਹੈ ਤਾਂ ਆਪਣੀ ਪਿਛਲੀ ਯੂਨੀਵਰਸਿਟੀ ਤੋਂ ਪਾਸ ਕੀਤੇ ਸਾਰੇ ਸਮੈਸਟਰਾਂ ਅਤੇ ਵਿਸ਼ਿਆਂ ਦਾ ਸਿਲੇਬਸ ਪੰਜਾਬੀ ਯੂਨੀਵਰਸਿਟੀ ਪਟਿਆਲਾ ਕੋਲ ਜਮ੍ਹਾਂ ਕਰਾ ਕੇ ਆਪਣੇ ਡੈਫੀਸ਼ੈਂਟ ਪੇਪਰਾਂ ਦਾ ਫੈਸਲਾ ਕਰਵਾਉਣ ਦੀ ਜ਼ਿੰਮੇਵਾਰੀ ਉਸ ਵਿਦਿਆਰਥੀ ਦੀ ਹੋਵੇਗੀ।

**ਨੋਟ:** ਕਿਸੇ ਵੀ ਕਿਸਮ ਦੀ ਸੋਧ ਜਾਂ ਜ਼ਰੂਰੀ ਸੂਚਨਾ ਜਾਂ ਤਾਜਾ ਜਾਣਕਾਰੀ ਲਈ ਉਮੀਦਵਾਰ/ਵਿਦਿਆਰਥੀਆਂ ਨੂੰ ਕਾਲਜ ਦੀ ਵੈੱਬਸਾਈਟ ਨੂੰ ਸਮੇਂ-ਸਮੇਂ ਤੇ ਦੇਖਦੇ ਰਹਿਣ ਦੀ ਅਪੀਲ ਕੀਤੀ ਜਾਂਦੀ ਹੈ।

# ਆਨਲਾਈਨ ਦਾਖਲਾ ਫਾਰਮ ਭਰਨ ਲਈ ਹਦਾਇਤਾਂ

ਕਾਲਜ ਦੇ ਆਨਲਾਈਨ ਦਾਖਲਾ ਪੋਰਟਲ ਅਤੇ ਪੰਜਾਬ ਸਰਕਾਰ ਦੇ ਆਨਲਾਈਨ ਦਾਖਲਾ ਪੋਰਟਲ ਉੱਪਰ ਦਾਖਲਾ ਫਾਰਮ ਭਰਨ ਦੀ ਸਹੀ ਅਤੇ ਵਿਸਥਾਰਤ ਜਾਣਕਾਰੀ ਕਾਲਜ ਦੀ ਵੈੱਬਸਾਈਟ www.gcderabassi.ac.in ਤੇ ਉਪਲਬਧ ਹੈ। ਵਿਦਿਆਰਥੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਆਨਲਾਈਨ ਦਾਖਲਾ ਫਾਰਮ ਭਰਨ ਤੋਂ ਪਹਿਲਾਂ ਕਾਲਜ ਵੈੱਬਸਾਈਟ ਉੱਪਰ ਦਿੱਤੇ ਗਏ ਦਿਸ਼ਾ-ਨਿਰਦੇਸ਼ਾਂ ਨੂੰ ਚੰਗੀ ਤਰ੍ਹਾਂ ਪੜ੍ਹ ਲੈਣ। ਆਨਲਾਈਨ ਦਾਖ਼ਲਾ ਫਾਰਮ ਭਰਨ ਵੇਲੇ ਹੋਈ ਕਿਸੇ ਵੀ ਕਿਸਮ ਦੀ ਗਲਤੀ, ਅਧੂਰੇਪਣ ਜਾਂ ਅਸਪੱਸ਼ਟਤਾ ਲਈ ਵਿਦਿਆਰਥੀ ਖੁਦ ਜ਼ਿੰਮੇਵਾਰ ਹੋਵੇਗਾ।

# ਕੋਰਸਾਂ ਦੀਆਂ ਕੁੱਲ ਸੀਟਾਂ ਅਤੇ ਰਾਖਵੀਆਂ ਸੀਟਾਂ ਸਬੰਧੀ ਜਾਣਕਾਰੀ

| Course Name | TOTAL | GEN | SC | BC | ESM | | | | PWD | FF | Sports | | |
|---|---|---|---|---|---|---|---|---|---|---|---|---|---|
| | | | | | GEN | SC | BC | TOTAL | | | GEN | SC | Total |
| B.Com (Regular) | 60 | 31 | 12 | 5 | 4 | 2 | 1 | 7 | 2 | 1 | 1 | 1 | 2 |
| B.Com (Honours) (Self Financed) | 60 | 31 | 12 | 5 | 4 | 2 | 1 | 7 | 2 | 1 | 1 | 1 | 2 |
| B.Sc (Non-Medical) (Regular) | 50 | 26 | 10 | 4 | 4 | 1 | 0 | 5 | 2 | 1 | 1 | 1 | 2 |
| BA (Regular) | 500 | 260 | 100 | 40 | 35 | 20 | 10 | 65 | 15 | 5 | 10 | 5 | 15 |
| BCA (Self Financed) | 50 | 26 | 10 | 4 | 4 | 1 | 0 | 5 | 2 | 1 | 1 | 1 | 2 |

*GEN: General, SC: Scheduled Caste, BC: Backward Classes, ESM : Ex-Service Men and their Wards, PWD : Person with disability, FF: Freedom Fighter.*

In case, after rounding up or down, if the number of course seats decreases from the sanctioned strength, the benefit of the reduced seats will be given to General Category as per State Reservation Policy.

# ਹਾਜਰੀਆਂ ਅਤੇ ਪੁਨਰ-ਦਾਖਲਾ

ਜੇਕਰ ਕੋਈ ਵਿਦਿਆਰਥੀ ਛੁੱਟੀ ਲਏ ਬਿਨਾਂ ਕਾਲਜ ਤੋਂ ਇੱਕ ਪੀਰੀਅਡ ਗੈਰਹਾਜ਼ਰ ਹੈ ਤਾਂ ਉਸ ਤੋਂ ਸਰਕਾਰ ਅਤੇ ਯੂਨੀਵਰਸਿਟੀ ਦੇ ਨਿਯਮਾਂ ਅਨੁਸਾਰ ਜੁਰਮਾਨਾ ਵਸੂਲ ਕੀਤਾ ਜਾਵੇਗਾ। ਜੇਕਰ ਕੋਈ ਵਿਦਿਆਰਥੀ ਲਗਾਤਾਰ ਦਸ ਦਿਨ ਤੱਕ ਕਿਸੇ ਵੀ ਵਿਸ਼ੇ ਦੀ ਕਲਾਸ ਵਿੱਚੋਂ ਬਿਨਾਂ ਛੁੱਟੀ ਤੋਂ ਗੈਰਹਾਜ਼ਰ ਰਹਿੰਦਾ ਹੈ, ਤਾਂ ਉਸ ਦਾ ਨਾਮ ਕਾਲਜ ਵਿੱਚੋਂ ਕੱਟ ਦਿੱਤਾ ਜਾਵੇਗਾ। ਜੇਕਰ ਨਾਮ ਕੱਟ ਜਾਣ ਤੋਂ ਦੋ ਹਫਤਿਆਂ ਅੰਦਰ ਵਿਦਿਆਰਥੀ ਮੁੜ ਦਾਖਲੇ ਲਈ ਬੇਨਤੀ ਕਰਦਾ ਹੈ ਤਾਂ ਪ੍ਰਿੰਸੀਪਲ ਦੀ ਆਗਿਆ ਨਾਲ ਉਸ ਨੂੰ ਮੁੜ-ਦਾਖਲਾ ਫੀਸ ਨਾਲ ਦਾਖਲ ਕੀਤਾ ਜਾ ਸਕਦਾ ਹੈ। ਇਸ ਤੋਂ ਵੱਧ ਸਮਾਂ ਬੀਤ ਜਾਣ ਤੇ ਉਸਨੂੰ ਦਾਖਲ ਨਹੀਂ ਕੀਤਾ ਜਾਵੇਗਾ।

**ਜੇਕਰ ਕੋਈ ਵਿਦਿਆਰਥੀ ਹਰ ਵਿਸ਼ੇ ਦੇ 75% ਲੈਕਚਰਾਂ ਵਿੱਚ ਹਾਜ਼ਰ ਨਹੀਂ ਹੁੰਦਾ ਤਾਂ ਉਸ ਨੂੰ ਯੂਨੀਵਰਸਿਟੀ ਦੀ ਪ੍ਰੀਖਿਆ ਵਿੱਚ ਬੈਠਣ ਦੀ ਆਗਿਆ ਨਹੀਂ ਦਿੱਤੀ ਜਾਵੇਗੀ।**

# ਅਧਿਆਪਨ ਦੇ ਕੋਰਸ

## ਬੀ.ਏ.

**ਯੋਗਤਾਵਾਂ**

ਬੀ.ਏ. ਤਿੰਨ ਸਾਲ ਡਿਗਰੀ ਕੋਰਸ ਹੈ ਜਿਸ ਵਿੱਚ ਕੁੱਲ VI ਸਮੈਸਟਰ ਹੋਣਗੇ (ਹਰੇਕ ਸਾਲ ਦੋ ਸਮੈਸਟਰ) ਸਮੈਸਟਰ I ਵਿੱਚ ਦਾਖਲਾ ਉਨ੍ਹਾਂ ਉਮੀਦਵਾਰਾਂ ਨੂੰ ਦਿੱਤਾ ਜਾਵੇਗਾ ਜਿਨ੍ਹਾਂ ਨੇ 10+2 ਜਾਂ ਇਸਦੇ ਬਰਾਬਰ ਦੇ ਇਮਤਿਹਾਨ ਪਾਸ ਕੀਤੇ ਹਨ। ਸਮੈਸਟਰ III ਅਤੇ V ਵਿੱਚ ਦਾਖਲਾ ਉਨ੍ਹਾਂ ਵਿਦਿਆਰਥੀਆਂ ਨੂੰ ਦਿੱਤਾ ਜਾਵੇਗਾ ਜਿਨ੍ਹਾਂ ਨੇ ਪਿਛਲੇ ਸਮੈਸਟਰਾਂ ਦੇ ਘੱਟੋ ਘੱਟ 50% ਪੇਪਰ ਪਾਸ ਕਰ ਲਏ ਹੋਣ।

**ਵਿਸ਼ੇ**

ਸਮੈਸਟਰ I ਵਿੱਚ ਦਾਖਲਾ ਲੈਣ ਵਾਲਾ ਹਰ ਵਿਦਿਆਰਥੀ ਲਾਜ਼ਮੀ ਅੰਗ੍ਰੇਜ਼ੀ ਅਤੇ ਪੰਜਾਬੀ ਦੋਹਾਂ ਤੋਂ ਇਲਾਵਾ ਹੇਠ ਲਿਖੇ ਵਿਸ਼ਿਆਂ ਦੇ ਜੁੱਟਾਂ ਵਿੱਚੋਂ ਇੱਕ-ਇੱਕ ਵਿਸ਼ਾ ਚੁਣ ਕੇ ਕੋਈ ਤਿੰਨ ਹੋਰ (ਕੁੱਲ ਪੰਜ) ਵਿਸ਼ਿਆਂ ਦੀ ਪੜ੍ਹਾਈ ਕਰੇਗਾ:-

| ੳ | ਅ | ੲ | ਸ | ਹ |
|---|---|---|---|---|
| ਪੰਜਾਬੀ ਸਾਹਿਤ | ਫਾਈਨ ਆਰਟਸ | ਇਤਿਹਾਸ | ਭੂਗੋਲ | ਲੋਕ ਪ੍ਰਸ਼ਾਸਨ |
| ਹਿੰਦੀ ਸਾਹਿਤ | ਸਮਾਜ ਸ਼ਾਸਤਰ | ਗਣਿਤ | ਰਾਜਨੀਤੀ ਵਿਗਿਆਨ | ਹੋਮ ਸਾਇੰਸ |
| ਅੰਗਰੇਜ਼ੀ ਸਾਹਿਤ | ਅਰਥ ਸ਼ਾਸਤਰ | | ਸੰਗੀਤ ਗਾਇਣ | ਸਰੀਰਕ ਸਿੱਖਿਆ |
| | | | ਕੰਪਿਊਟਰ ਸਾਇੰਸ | |

**ਜ਼ਰੂਰੀ ਨੋਟ :** ਦੋ ਤੋਂ ਵੱਧ ਪ੍ਰੈਕਟੀਕਲ ਵਾਲੇ ਵਿਸ਼ੇ ਨਹੀਂ ਲਏ ਜਾ ਸਕਦੇ। ਫਾਈਨ ਆਰਟਸ, ਭੂਗੋਲ, ਸੰਗੀਤ ਗਾਇਣ, ਕੰਪਿਊਟਰ ਸਾਇੰਸ, ਹੋਮ ਸਾਇੰਸ ਤੇ ਸਰੀਰਕ ਸਿੱਖਿਆ ਪ੍ਰੈਕਟੀਕਲ ਵਿਸ਼ੇ ਹਨ।

## ਬੀ.ਐਸ.ਸੀ. (ਨਾਨ-ਮੈਡੀਕਲ)

**ਯੋਗਤਾਵਾਂ**

ਉਮੀਦਵਾਰ ਨੇ ਕਿਸੇ ਪ੍ਰਵਾਨਿਤ ਸੰਸਥਾ ਤੋਂ ਨਾਨ-ਮੈਡੀਕਲ ਦੇ ਵਿਸ਼ਿਆਂ (ਗਣਿਤ, ਫਿਜ਼ਿਕਸ, ਕੈਮਿਸਟਰੀ) ਨਾਲ 10+2 ਦੀ ਪ੍ਰੀਖਿਆ ਪਾਸ ਕੀਤੀ ਹੋਵੇ।

**ਵਿਸ਼ੇ**

ਬੀ.ਐਸ.ਸੀ. ਦੇ ਕੁੱਲ ਛੇ ਸਮੈਸਟਰਾਂ ਵਿੱਚ ਵਿਦਿਆਰਥੀ ਹੇਠ ਲਿਖੇ ਵਿਸ਼ਿਆਂ ਦੀ ਪੜ੍ਹਾਈ ਕਰਨਗੇ:-

1. ਪੰਜਾਬੀ ਲਾਜ਼ਮੀ/ਪੰਜਾਬੀ ਲਾਜ਼ਮੀ ਮੁਢਲਾ ਗਿਆਨ
2. ਫਿਜ਼ਿਕਸ
3. ਕੈਮਿਸਟਰੀ
4. ਮੈਥ

**ਨੋਟ:** ਤੀਜੇ ਅਤੇ ਚੌਥੇ ਸਮੈਸਟਰ ਵਿੱਚ ਅੰਗ੍ਰੇਜ਼ੀ ਵਿਸ਼ਾ ਵੀ ਪੜ੍ਹਾਇਆ ਜਾਵੇਗਾ।

## ਬੀ.ਕਾਮ

**ਯੋਗਤਾਵਾਂ**

ਉਮੀਦਵਾਰ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਜਾਂ ਕਿਸੇ ਹੋਰ ਪ੍ਰਵਾਨਿਤ ਸੰਸਥਾ ਤੋਂ 10+2 ਜਾਂ ਇਸ ਦੇ ਬਰਾਬਰ ਦਾ ਮਾਨਤਾ ਪ੍ਰਾਪਤ ਇਮਤਿਹਾਨ ਹੇਠ ਲਿਖੀਆਂ ਸ਼ਰਤਾਂ ਸਹਿਤ ਪਾਸ ਕੀਤਾ ਹੋਵੇ:-

ੳ) ਕਾਮਰਸ ਗਰੁੱਪ ਦੇ ਵਿਦਿਆਰਥੀ ਦੇ ਘੱਟੋ ਘੱਟ 40 ਪ੍ਰਤੀਸ਼ਤ ਕੁੱਲ ਅੰਕ ਹੋਣੇ ਚਾਹੀਦੇ ਹਨ।

ਅ) ਕਾਮਰਸ/ਅਕਾਊਂਟਸ/ਗਣਿਤ/ਅਰਥ ਸ਼ਾਸਤਰ/ਮੈਨੇਜਮੈਂਟ ਵਿੱਚੋਂ ਵਿਦਿਆਰਥੀ ਨੇ ਘੱਟੋ ਘੱਟ ਦੋ ਵਿਸ਼ਿਆਂ ਨਾਲ 10+2 (ਆਰਟਸ) ਦਾ ਇਮਤਿਹਾਨ 45 ਪ੍ਰਤੀਸ਼ਤ ਅੰਕਾਂ ਨਾਲ ਪਾਸ ਕੀਤਾ ਹੋਵੇ।

ੲ) ਦੂਜੇ ਕਿਸੇ ਵੀ ਗਰੁੱਪ ਵਿੱਚੋਂ ਘੱਟੋਂ ਘੱਟ 50 ਪ੍ਰਤੀਸ਼ਤ ਅੰਕ ਹੋਣੇ ਚਾਹੀਦੇ ਹਨ।

**ਨੋਟ:** ਉਮੀਦਵਾਰ ਕੇਵਲ ਯੋਗਤਾ ਪੂਰੀ ਕਰਨ ਨਾਲ ਹੀ ਦਾਖਲੇ ਦਾ ਅਧਿਕਾਰੀ ਨਹੀਂ ਬਣ ਜਾਂਦਾ ਕਿਉਂਕਿ ਦਾਖਲਾ ਮੈਰਿਟ ਅਨੁਸਾਰ ਕੀਤਾ ਜਾਵੇਗਾ। ਚੁਣੇ ਗਏ ਵਿਦਿਆਰਥੀਆਂ ਦੁਆਰਾ ਉਸੇ ਦਿਨ ਫੀਸ ਜਮ੍ਹਾਂ ਕਰਵਾਉਣੀ ਲਾਜ਼ਮੀ ਹੋਵੇਗੀ, ਨਹੀਂ ਤਾਂ ਸੀਟ ਅਗਲੇ ਉਮੀਦਵਾਰ ਨੂੰ ਦੇ ਦਿੱਤੀ ਜਾਵੇਗੀ।

**ਵਿਸ਼ੇ (SUBJECTS)**

**B.Com Semester-I**

BC 101: Punjabi ; BC 101 A: Punjabi Compulsory (Elementary Knowledge)
BC 102 : English (Communication Skills)
BC 103 : Financial Accounting – I
BC 104 : Business Law – I
BC 105 : Computer Applications in Business
BC 106 : Principles of Economics- I

**B.Com Semester-II**
BC 201: Punjabi
BC 201-A Punjabi Compulsory (Elementary Knowledge)
BC 202 : English (Communication Skills)
BC 203 : Financial Accounting – II
BC 204 : Business Law – II
BC 205: Business Mathematics
BC 206: Principles of Economics - II

**B.Com Semester-III**
BC 301: Punjabi
BC 301- A: Punjabi Compulsory (Elementary Knowledge)
BC 302 : English (Communication Skills)
BC 303 : Principles of Business Management.
BC 304 : Corporate Accounting– I
BC 305 : Income Tax Law-I
BC 306 : Business Statistics

**B.Com Semester-IV**
BC 401: Punjabi
BC 401- A: Punjabi Compulsory (Elementary Knowledge)
BC 402 : English (Communication Skills)
BC 403 : Company Law
BC 404 : Corporate Accounting– II
BC 405 : Income Tax Law-II
BC 406 : Operation Research

**B.Com Semester-V**
BC 501: Punjabi Compulsory
BC 501- A: Punjabi Compulsory (Elementary Knowledge)
BC 502 : Management Accounting -- I
BC 503 : Cost Accounting - I
BC 504 : Indirect Taxes
BC 505 : Auditing
BC 506 : Principles of Marketing

**B.Com Semester-VI**
BC 601: Punjabi
BC 601- A: Punjabi Compulsory (Elementary Knowledge)
BC 602 : Management Accounting - II
BC 603 : Cost Accounting -II
BC 604 : Business Environment
BC 605 : Entrepreneurship and Governance .
BC 606 : International Marketing

# ਸਵੈ–ਵਿੱਤੀ ਕੋਰਸ (Self Financing Courses)

ਐਚ.ਈ.ਆਈ.ਐਸ. ਅਧੀਨ ਹੇਠਾਂ ਦਿੱਤੇ ਸਵੈ-ਵਿੱਤੀ ਕੋਰਸ ਪੰਜਾਬੀ ਯੂਨੀਵਰਸਿਟੀ ਪਟਿਆਲਾ ਅਧੀਨ ਚਲਾਏ ਜਾ ਰਹੇ ਹਨ।

## ਬੀ.ਕਾਮ.ਆਨਰਜ਼

**ਯੋਗਤਾਵਾਂ**

ਉਹ ਵਿਦਿਆਰਥੀ ਜਿਨ੍ਹਾਂ ਨੇ 10+2 ਘੱਟੋ ਘੱਟ 50% ਅੰਕਾਂ ਨਾਲ ਪਾਸ ਕੀਤੀ ਹੈ ਉਹ ਇਸ ਕੋਰਸ ਵਿੱਚ ਦਾਖਲਾ ਲੈਣ ਦੇ ਯੋਗ ਹਨ। ਐਸ.ਸੀ., ਐਸ.ਟੀ. ਵਰਗ ਦੇ 10+2 ਵਿੱਚੋਂ ਘੱਟੋ ਘੱਟ 45% ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਦਾਖਲਾ ਲੈਣ ਦੇ ਯੋਗ ਹੋਣਗੇ।

**ਵਿਸ਼ੇ**

**Semester-I**

| | |
|---|---|
| BCH – 101 | Punjabi |
| BCH –101-A | Punjabi Compulsory (Elementary Knowledge (Special Paper in lieu of Punjabi) |
| BCH – 102 | English |
| BCH – 103 | Fundamentals of Financial Accounting- I |
| BCH – 104 | Business Organization |
| BCH – 105 | Micro Economics |
| BCH – 106 | Business Laws- I |

**Semester-II**

| | |
|---|---|
| BCH – 201 | Punjabi |
| BCH – 201-A | Punjabi Compulsory (Elementary Knowledge (Special Paper in lieu of Punjabi) |
| BCH – 202 | Computer for Business |
| BCH – 203 | Fundamentals of Financial Accounting- II |
| BCH – 204 | Functional Management |
| BCH – 205 | Micro Economics |
| BCH – 206 | Business Laws- II |

**Qualifying Paper:** Drug Abuse: Problems, Management and Prevention.

**Note:** There will be summer Training with Chartered Accountant for 4 to 6 weeks regarding bank dealings, vouching and verification of accounts. Income Tax Returns, GST returns. The Seminar in 3rd semester will be based on Summer Training Report.

**Semester-III**

BCH – 301 Banking Operations and Proced
BCH – 302 Corporate Accounting - I

BCH – 303 Income Tax Law – I
BCH – 304 Business Statistics
BCH – 305 Company Law
BCH – 306 Seminar (based on summer training)

**Semester-IV**

BCH – 401 Fundamentals of Insurance
BCH – 402 Corporate Accounting - II
BCH – 403 Income Tax Law – II
BCH – 404 Business Mathematics
BCH – 405 Auditing Practices
BCH – 406 Indian Economy.

**Semester-V**

BCH – 501 Management Accounting-I
BCH – 502 Cost Accounting - I
BCH – 503 Indirect Taxes
BCH – 504 Fundamentals of Entrepreneurship
BCH – 505 E-Commerce
BCH – 507 Marketing/Principles of Marketing

**Semester-VI**

BCH – 601 Management Accounting-II
BCH – 602 Cost Accounting - II
BCH – 603 Financial Management
BCH – 604 Corporate Governance & Social Responsibility of Business.
BCH – 605 Production & Operations Management.
BCH – 607 Marketing/Advertisement & Brand Management.

## ਬੀ.ਸੀ.ਏ.

**ਯੋਗਤਾਵਾਂ**

ਉਹ ਵਿਦਿਆਰਥੀ ਜਿਨ੍ਹਾਂ ਨੇ 10+ 2 ਪਾਸ ਕੀਤੀ ਹੈ ਉਹ ਇਸ ਕੋਰਸ ਵਿੱਚ ਦਾਖਲਾ ਲੈਣ ਦੇ ਯੋਗ ਹਨ।ਪੰਜਾਬੀ ਵਿਸ਼ੇ ਨੂੰ ਛੱਡ ਕੇ ਬਾਕੀ ਕੋਰਸ ਦੀ ਪੜ੍ਹਾਈ ਅਤੇ ਪ੍ਰੀਖਿਆ ਅੰਗ੍ਰੇਜ਼ੀ ਮਾਧਿਅਮ ਵਿੱਚ ਹੋਵੇਗੀ।

**ਵਿਸ਼ੇ**

**BCA Semester-I Subjects:**

1. General English
2. Punjabi (Compulsory) Or
   Punjabi Compulsory (MudlaGyan)
3. Fundamentals of Information Technology
4. Programming Fundamentals using C
5. Software Lab-I (Windows and Office Automation)
6. Software Lab-II (Based on paper "Programming Fundamentals using C")

**BCA Semester-II Subjects:**

1. General English – II
2. Punjabi (Compulsory) or
   Punjabi C. (Mudla Gyan)
3. Digital Electronics
4. Data Structures
5. Basic Mathematics
6. Software Lab – III
7. Drug Abuse :

**BCA Semester-III Subjects:**

1. English Communication Skill-I
2. Discrete Mathematics
3. Computer System Organization & Architecture
4. Object Oriented Programming using C++
5. Fundamental of Databar Management System
6. Software Lab-V (C++)
7. Software Lab – VI (MS Acess)

**BCA Semester-IV Subjects:**

1. English Communication Skills – II
2. Computer Networks
3. Management Information Systems
4. Computer Oriented Numerical and Statistical Methods
5. Relational Database Management Systems with Oracle
6. Software Lab – VI (Computer Oriented Numerical and Statistical Methods Lab)
7. Software Lab – VII (Oracle Lab)

**BCA Semester-V Subjects:**

1. English Literary Skills-I
2. System Analysis and Design
3. System Software
4. Java Programming
5. Web Designing using HTML and DHTML
6. Software Lab-IX (based on paper BCA-314 Java Programming)
7. Software Lab-X (based on paper BCA-315)

**BCA Semester-VI Subjects:**

1. English Literary Skills – II
2. E-Commerce
3. Operating Systems
4. Software Engineering
5. Web Designing using ASP.NET
6. Software Lab – XI (based on BCA-314: Java)
7. Software Lab – XII (based on BCA-325: Web Designing using ASP.NET)

## ਸਕਿੱਲ ਓਰੀਐਂਟਡ ਕੋਰਸ (Skill Oriented Courses)

❖ **ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ, ਪਟਿਆਲਾ ਦੇ ਸਹਿਯੋਗ ਨਾਲ ਹੇਠ ਲਿਖੇ ਸਕਿੱਲ ਓਰੀਐਂਟਡ ਕੋਰਸ ਕਰਵਾਏ ਜਾ ਰਹੇ ਹਨ।**

1. ਸਰਟੀਫਿਕੇਟ ਕੋਰਸ ਇਨ ਇੰਟਰਪ੍ਰੀਨਿਓਰਸ਼ਿਪ, ਕ੍ਰਿਏਟੀਵਿਟੀ ਐਂਡ ਇਨੋਵੇਸ਼ਨ ਇਨ ਬਿਜ਼ਨੈੱਸ
2. ਸਰਟੀਫਿਕੇਟ ਕੋਰਸ ਇਨ ਕ੍ਰਿਏਟਿਵ ਰਾਈਟਿੰਗ ਐਂਡ ਕੰਟੈਂਟ ਡਿਵੈਲਪਮੈਂਟ
3. ਡਿਪਲੋਮਾ ਕੋਰਸ ਇਨ ਇੰਟਰਪ੍ਰੀਨਿਓਰਸ਼ਿਪ, ਕ੍ਰਿਏਟੀਵਿਟੀ ਐਂਡ ਇਨੋਵੇਸ਼ਨ ਇਨ ਬਿਜ਼ਨੈੱਸ

❖ **ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਸਹਿਯੋਗ ਨਾਲ ਹੇਠ ਲਿਖੇ ਸਕਿੱਲ ਓਰੀਐਂਟਡ ਕੋਰਸ ਕਰਵਾਏ ਜਾ ਰਹੇ ਹਨ।**

1. ਸਰਟੀਫਿਕੇਟ ਕੋਰਸ ਇਨ ਗੁਡਜ਼ ਐਂਡ ਸਰਵਿਸ ਟੈਕਸ
2. ਸਰਟੀਫਿਕੇਟ ਕੋਰਸ ਇਨ ਇੰਟੀਰੀਅਰ ਡੈਕੋਰੇਸ਼ਨ
3. ਪੀ. ਜੀ. ਡਿਪਲੋਮਾ ਇਨ ਇੰਸ਼ੋਰੈਂਸ ਐਂਡ ਬੈਂਕਿੰਗ
4. ਪੀ. ਜੀ. ਡਿਪਲੋਮਾ ਇਨ ਗੁਰਮਤ ਸੰਗੀਤ (ਗਾਇਣ)

**ਯੋਗਤਾਵਾਂ**

ਉਹ ਵਿਦਿਆਰਥੀ ਜਿਹਨਾਂ ਨੇ ਬਾਰਵੀਂ (10+2) ਪਾਸ ਕੀਤੀ ਹੈ, ਉਹ ਸਰਟੀਫਿਕੇਟ ਅਤੇ ਡਿਪਲੋਮਾ ਕੋਰਸਾਂ ਵਿਚ ਦਾਖਲਾ ਲੈ ਸਕਦੇ ਹਨ। ਪੀ.ਜੀ. ਡਿਪਲੋਮਾ ਵਿਚ ਦਾਖਲਾ ਲੈਣ ਲਈ ਗ੍ਰੈਜੂਏਸ਼ਨ ਪਾਸ ਕੀਤੀ ਹੋਣੀ ਲਾਜ਼ਮੀ ਹੈ। ਇਹ ਕੋਰਸ ਕਿਸੇ ਹੋਰ ਡਿਗਰੀ ਦੇ ਨਾਲ ਵੀ ਕੀਤੇ ਜਾ ਸਕਦੇ ਹਨ।

# ਜ਼ਰੂਰੀ ਨੋਟ

1. ਬੀ.ਏ., ਬੀ.ਐਸ.ਸੀ, ਬੀ.ਕਾਮ, ਬੀ.ਕਾਮ (ਆਨਰਜ਼) ਅਤੇ ਬੀ.ਸੀ.ਏ. ਕੋਰਸਾਂ ਦੇ ਸਮੈਸਟਰ I ਦੇ ਵਿਦਿਆਰਥੀਆਂ ਲਈ ਨਸ਼ਾ ਦੁਰਵਰਤੋਂ : ਸਮੱਸਿਆ, ਰੋਕਥਾਮ ਅਤੇ ਪ੍ਰਬੰਧ (Drug Abuse: Problems, Management and Prevention) ਅਤੇ ਸਮੈਸਟਰ IV ਵਿਦਿਆਰਥੀਆਂ ਲਈ ਵਾਤਾਵਰਣ ਅਤੇ ਸੜਕ ਸੁਰੱਖਿਆ (E.V.S.) ਦੇ ਵਿਸ਼ੇ ਲਾਜ਼ਮੀ ਹੋਣਗੇ।
2. ਸੈਸ਼ਨ ਦੌਰਾਨ ਕੋਈ ਵੀ ਕਲਾਸ ਜਾਂ ਵਿਸ਼ਾ ਤਾਂ ਹੀ ਸ਼ੁਰੂ ਹੋਵੇਗਾ ਜੇਕਰ ਉਸ ਵਿੱਚ ਘੱਟ ਤੋ ਘੱਟ 25 ਵਿਦਿਆਰਥੀ ਦਾਖਲ ਹੋਣਗੇ।
3. ਜਿਹੜੇ ਵਿਦਿਆਰਥੀ ਪੰਜਾਬ ਰਾਜ ਤੋਂ ਬਾਹਰੋਂ ਦਸਵੀਂ ਦੀ ਪ੍ਰੀਖਿਆ ਪਾਸ ਕਰਕੇ ਆਏ ਹਨ ਜਾਂ ਜਿਨ੍ਹਾਂ ਦੇ ਮਾਂ-ਬਾਪ ਸੁਰੱਖਿਆ ਸੈਨਾਵਾਂ ਵਿੱਚ ਹਨ, ਉਹ ਪੰਜਾਬੀ ਲਾਜ਼ਮੀ ਦੀ ਜਗ੍ਹਾ ਪੰਜਾਬੀ ਲਾਜ਼ਮੀ (ਮੁੱਢਲਾ ਗਿਆਨ) ਦਾ ਵਿਸ਼ਾ ਪੜ੍ਹ ਸਕਦੇ ਹਨ।
4. ਜੋ ਵਿਦਿਆਰਥੀ ਹੋਰ ਯੂਨੀਵਰਸਿਟੀ ਤੋਂ ਮਾਈਗ੍ਰੇਟ ਹੋ ਕੇ ਦਾਖਲ ਹੁੰਦੇ ਹਨ ਉਨ੍ਹਾਂ ਦੇ ਡੈਫੀਸ਼ੈਂਟ ਪੇਪਰਾਂ ਦੀ ਜਾਣਕਾਰੀ /ਪ੍ਰਵਾਨਗੀ ਸਬੰਧੀ ਸਿਲੇਬਸ ਅਤੇ ਸਰਟੀਫਿਕੇਟਾਂ ਦੀ ਕਾਪੀ ਸਮੇਤ ਕੇਸ ਬਣਾ ਕੇ ਮੁਕੰਮਲ ਦਸਤਾਵੇਜ਼ਾਂ ਸਹਿਤ ਯੂਨੀਵਰਸਿਟੀ ਦੇ ਡੀਨ ਕਾਲਜ ਵਿਕਾਸ ਕੌਂਸਲ ਦੇ ਦਫਤਰ ਨੂੰ ਨਿਸ਼ਚਿਤ ਸਮਾਂ-ਸੀਮਾ ਅੰਦਰ ਪ੍ਰਵਾਨਗੀ ਹਿੱਤ ਭੇਜਣੇ ਯਕੀਨੀ ਬਣਾਏ ਜਾਣ।
5. ਯੂਨੀਵਰਸਿਟੀ ਵੱਲੋਂ ਕਿਸੇ ਵੀ ਕਲਾਸ ਦੇ ਵਿਸ਼ਿਆਂ ਵਿੱਚ ਕੀਤੀ ਕੋਈ ਵੀ ਤਬਦੀਲੀ ਨੋਟਿਸ ਬੋਰਡ ਅਤੇ ਕਾਲਜ ਵੈਬਸਾਈਟ ਉੱਤੇ ਲਗਾ ਦਿੱਤੀ ਜਾਵੇਗੀ, ਜਿਸ ਦੀ ਪਾਲਣਾ ਲਾਜ਼ਮੀ ਹੋਵੇਗੀ।
6. ਜਿਨ੍ਹਾਂ ਵਿਦਿਆਰਥੀਆਂ ਨੇ ਪ੍ਰੈਕਟੀਕਲ ਵਿਸ਼ਾ ਲਿਆ ਹੋਇਆ ਹੈ ਉਹਨਾਂ ਲਈ ਲਿਖਤੀ ਪੇਪਰ ਦੇ ਨਾਲ ਪ੍ਰੈਕਟੀਕਲ ਪੇਪਰ ਵੀ ਦੇਣਾ ਲਾਜ਼ਮੀ ਹੈ।

# ਫੀਸਾਂ ਅਤੇ ਫੰਡ

## ਕਾਲਜ ਫੰਡ

| | | Semester-I | Semester-IIIrd & Vth |
|---|---|---|---|
| 1. | A.F | 96 | 96 |
| 2. | Lib. Sec. | 150 | 0 |
| 3. | House Exam Fund | 32 | 32 |
| 4. | Building Fund | 15 | 15 |
| 5. | I. Card | 10 | 10 |
| 6. | Health Fund | 10 | 10 |
| 7. | Red Cross | 42 | 42 |
| 8. | Cycle Fund | 100 | 100 |
| 9. | Campus Sports Fee | 10 | 10 |
| 10. | Magzine Fund | 20 | 20 |
| 11. | D.F. | 6 | 6 |
| 12. | Pb. College Ph.D.F | 75 | 75 |
| 13. | S.A.F. | 5 | 5 |
| 14. | Higher Edu. | 10 | 10 |
| 15. | Lib. D.F. | 150 | 150 |
| 16. | E-Governance | 150 | 150 |
| 17. | P.T.A. | 2500 | 2500 |
| 18. | Practical Fee- Science (per practical) (Physics 60/Chem.-60) | 60 | 60 |
| 19. | Practical Fee -Arts(per practical) (Home Sci/Geog./Fine Arts/ Music(V)/Comp.Sc | 84 | 84 |
| | **Total** | **4375** | **4225** |

## ਯੂਨੀਵਰਸਿਟੀ ਫੀਸਾਂ

| | | Semester-I | Semester-IIIrd & Vth |
|---|---|---|---|
| 1. | Registration Fee | 880 | |
| 2. | Continuation Fee | | 330 |
| 3. | Pb. State Sports Council Fee | 30 | 30 |
| 4. | Sports Fee | 550 | 550 |
| 5. | College Development Fund | 140 | 140 |
| 6. | Youth Welfare | 110 | 110 |
| 7. | Infrastructure Fund | 110 | 110 |
| 8. | N.S.S. | 90 | 90 |
| 9. | Verification Fee | 880 | |
| 10. | Migration Fee | 170 | |
| 11. | Block Entry Fee | 60 | 60 |
| 12. | Punjabi Language Dev. Fund | 90 | 90 |
| 13. | Sports Hostel Fee | 220 | 220 |
| 14. | Sports Inf. Dev. Fund | 220 | 220 |
| 15. | Sports Wing Fee | 110 | 110 |
| 16. | Examination Form | 120 | 120 |
| 17. | Examination Fee Sem 1,3,5 | 1600 | 1600 |

| | | | |
|---|---|---|---|
| 18. | Examination Practical Fee Sem 1, 3, 5 | 610 | 610 |
| 19. | Holiday Home Fee | 0 | 0 |
| 20. | Processing Fee (UG) Gen | 170 | |
| 21. | Processing Fee (UG) SC | 110 | |
| | **Total** | **6270** | **4390** |

### ਸਮੈਸਟਰ ਦੂਜਾ, ਚੌਥਾ ਅਤੇ ਛੇਵਾਂ ਦੀ ਪ੍ਰੀਖਿਆ ਫੀਸ ਦਾ ਵੇਰਵਾ

| | | |
|---|---|---|
| 1. | Examination Form | 120 |
| 2. | Examination Fee | 1600 |
| 3. | Examination Practical Fee | 610 |
| | **Total Fee** | **2330** |

## ਸਵੈ-ਵਿੱਤੀ ਕੋਰਸਾਂ ਦੀ ਫੀਸ ਦਾ ਵੇਰਵਾ

| | **ਸਮੈਸਟਰ ਪਹਿਲਾ** | **ਸਮੈਸਟਰ ਤੀਜਾ ਅਤੇ ਪੰਜਵਾਂ** |
|---|---|---|
| ਪਹਿਲੀ ਕਿਸ਼ਤ | 17650/- | 15900/- |
| ਦੂਜੀ ਕਿਸ਼ਤ | 14000/- | 14000/- |
| **ਕੁੱਲ ਫੀਸ** | **31650/-** | **29900/-** |

## ਸਕਿੱਲ ਓਰੀਐਂਟਡ ਕੋਰਸਾਂ ਦੀ ਫੀਸ ਦਾ ਵੇਰਵਾ

(ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ, ਪਟਿਆਲਾ ਦੇ ਸਹਿਯੋਗ ਨਾਲ ਕਰਵਾਏ ਜਾ ਰਹੇ ਕੋਰਸਾਂ ਦੀ ਫੀਸ ਦਾ ਵੇਰਵਾ)

**ਸਰਟੀਫਿਕੇਟ ਕੋਰਸ**

ਦਾਖਲਾ ਫੀਸ : 750/- ਪ੍ਰੀਖਿਆ ਫੀਸ : 1000/-

**ਡਿਪਲੋਮਾ ਕੋਰਸ**

ਦਾਖਲਾ ਫੀਸ : 1500/- ਪ੍ਰੀਖਿਆ ਫੀਸ : 2000/-

**ਨੋਟ: ਪੰਜਾਬ ਸਰਕਾਰ/ਪੰਜਾਬੀ ਯੂਨੀਵਰਸਿਟੀ/ਕਾਲਜ ਪ੍ਰਸ਼ਾਸਨ ਵੱਲੋਂ ਕਿਸੇ ਵੀ ਸਮੇਂ ਉਪਰੋਕਤ ਦਰਾਂ ਵਿੱਚ ਸੋਧ ਕੀਤੀ ਜਾ ਸਕਦੀ ਹੈ। ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਕਰਵਾਏ ਜਾ ਰਹੇ ਸਕਿੱਲ ਓਰੀਐਂਟਡ ਕੋਰਸਾਂ ਦੀ ਫੀਸ ਦੇ ਵੇਰਵੇ ਸਬੰਧੀ ਜਾਣਕਾਰੀ ਕਾਲਜ ਵੈੱਬਸਾਈਟ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।**

## ਜ਼ਰੂਰੀ ਨੋਟ

1. ਵਿਦਿਆਰਥੀਆਂ ਵੱਲੋਂ ਕਾਲਜ ਵਿਖੇ ਚਾਰ ਪਹੀਆ ਵਾਹਨ ਲਿਆਉਣਾ ਮਨ੍ਹਾਂ ਹੈ।
2. ਵਿਦਿਆਰਥਣਾਂ ਤੋਂ ਕੋਈ ਟਿਊਸ਼ਨ ਫੀਸ ਨਹੀਂ ਲਈ ਜਾਂਦੀ ਪਰ ਉਹਨਾਂ ਨੂੰ ਦੂਜੇ ਖਰਚੇ, ਪ੍ਰਸ਼ਾਸਕੀ ਫੰਡ ਅਤੇ ਫੀਸਾਂ ਅਤੇ ਯੂਨੀਵਰਸਿਟੀ ਫੀਸ ਦੇਣੀ ਹੋਵੇਗੀ।

### ਫੀਸ ਭਰਨ ਦੀ ਵਿਧੀ

ਸਾਰੀਆਂ ਕਲਾਸਾਂ ਦੀ ਫੀਸ ਆਨ ਲਾਈਨ ਵਿਧੀ ਰਾਹੀਂ ਭਰੀ ਜਾਵੇਗੀ। ਇਸ ਸਬੰਧੀ ਵਿਸਥਾਰਤ ਜਾਣਕਾਰੀ ਵਿਦਿਆਰਥੀ ਕਾਲਜ ਦੀ ਵੈਬਸਾਈਟ www.gcderabassi.ac.in ਤੋਂ ਪ੍ਰਾਪਤ ਕਰ ਸਕਦੇ ਹਨ।

### ਫੀਸ ਮੁਆਫੀ

1. ਕਾਲਜ ਵਿੱਚ ਪੜ੍ਹਨ ਵਾਲੇ ਵਿਦਿਆਰਥੀਆਂ ਦੇ ਭੈਣ/ਭਰਾ ਵਿੱਚੋਂ ਇੱਕ ਦਾ ਪੂਰਾ ਪੀ.ਟੀ.ਏ. ਫੰਡ ਮਾਫ ਕੀਤਾ ਜਾਵੇਗਾ। ਅਜਿਹਾ ਵੱਡੀ ਕਲਾਸ ਵਿੱਚ ਪੜ੍ਹਦੇ ਭਰਾ/ਭੈਣ ਦੁਆਰਾ ਪੂਰੀ ਫੀਸ ਅਤੇ ਪੂਰਾ ਪੀ.ਟੀ.ਏ. ਫੰਡ ਅਦਾ ਕਰਨ ਦੀ ਸੂਰਤ ਵਿੱਚ ਕੀਤਾ ਜਾਵੇਗਾ।

# ਵਜ਼ੀਫੇ ਅਤੇ ਐਵਾਰਡ

## ਪੋਸਟ ਮੈਟ੍ਰਿਕ ਸਕਾਲਰਸ਼ਿਪ

### ਐਸ.ਸੀ./ਓ.ਬੀ.ਸੀ./ਈ.ਬੀ.ਸੀ.ਵਿਦਿਆਰਥੀਆਂ ਲਈ ਨਿਰਧਾਰਿਤ ਸ਼ਰਤਾਂ

ਇਸ ਕਾਲਜ ਵਿੱਚ ਦਾਖਲਾ ਲੈਣ ਵਾਲੇ ਐਸ.ਸੀ.,ਓ.ਬੀ.ਸੀ. ਅਤੇ ਈ.ਬੀ.ਸੀ. ਵਿਦਿਆਰਥੀ, ਜਿਨ੍ਹਾਂ ਨੇ ਪੰਜਾਬ ਸਰਕਾਰ ਵੱਲੋਂ ਦਿੱਤੀ ਗਈ ਸਕਾਲਰਸ਼ਿਪ ਅਧੀਨ ਅਪਲਾਈ ਕਰਨਾ ਹੈ ਉਹਨਾਂ ਲਈ ਹੇਠ ਲਿਖੇ ਦਸਤਾਵੇਜ਼/ਸਰਟੀਫਿਕੇਟਾਂ ਦੀ ਫੋਟੋਕਾਪੀਆਂ ਦਾਖਲੇ ਸਮੇਂ ਜ਼ਰੂਰੀ ਹਨ ਅਤੇ ਦਾਖਲੇ ਦੇ ਸਮੇਂ ਸਾਰੇ ਦਸਤਾਵੇਜ਼ ਪੂਰੇ ਕਰਕੇ ਦੋ ਪਰਤਾਂ ਵਿੱਚ ਲਿਆਉਣ ਤੇ ਵਜੀਫਾ ਕਮੇਟੀ ਨੂੰ ਪੇਸ਼ ਕਰਨ।

ਐਸ.ਸੀ.ਵਿਦਿਆਰਥੀ ਜਿਨ੍ਹਾਂ ਦੇ ਘਰ ਦੀ ਸਾਲਾਨਾ ਆਮਦਨ ਦੋ ਲੱਖ ਪੰਜਾਹ ਹਜ਼ਾਰ ਰੁਪਏ ਤੋਂ ਘੱਟ ਹੈ। ਉਹ ਵਿਦਿਆਰਥੀ ਹੀ ਇਹ ਫਾਰਮ ਭਰ ਸਕਦਾ ਹੈ।

ਬੀ.ਸੀ. ਵਿਦਿਆਰਥੀ ਜਿਨ੍ਹਾਂ ਦੇ ਘਰ ਦੀ ਸਾਲਾਨਾ ਆਮਦਨ ਇੱਕ ਲੱਖ ਰੁਪਏ ਤੋਂ ਘੱਟ ਹੈ। ਉਹ ਵਿਦਿਆਰਥੀ ਹੀ ਇਹ ਫਾਰਮ ਭਰ ਸਕਦਾ ਹੈ।

ਜਰਨਲ ਕੈਟਾਗਰੀ ਦੇ ਵਿਦਿਆਰਥੀ (ਈ.ਬੀ.ਸੀ.) ਜਿਨ੍ਹਾਂ ਦੇ ਘਰ ਦੀ ਸਾਲਾਨਾ ਆਮਦਨ ਇੱਕ ਲੱਖ ਰੁਪਏ ਤੋਂ ਘੱਟ ਹੈ ਉਹ ਸਰਕਾਰ ਦੇ ਈ.ਬੀ.ਸੀ. ਸਕਾਲਰਸ਼ਿਪ ਪੋਰਟਲ ਤੇ ਅਪਲਾਈ ਕਰ ਸਕਦੇ ਹਨ।

1. ਆਮਦਨ ਦਾ ਸਰਟੀਫਿਕੇਟ ਸਮਰੱਥ ਅਧਿਕਾਰੀ ਵੱਲੋਂ ਜਾਰੀ ਕੀਤਾ ਹੋਵੇ ਜੇਕਰ ਘਰ ਵਿੱਚ ਪਿਤਾ ਦੀ ਮੌਤ ਹੋ ਗਈ ਹੋਵੇ ਤਾਂ ਪਿਤਾ ਦਾ ਡੈਥ ਸਰਟੀਫਿਕੇਟ ਅਤੇ ਮਾਤਾ ਵੱਲੋਂ ਆਮਦਨ ਸਰਟੀਫਿਕੇਟ ਜ਼ਰੂਰੀ ਹੋਵੇਗਾ। ਆਮਦਨ ਸਰਟੀਫਿਕੇਟ ਅਸਲ ਜਮ੍ਹਾਂ ਕਰਵਾਉਣਾ ਜ਼ਰੂਰੀ ਹੈ ਅਤੇ ਇਸ ਵਿੱਚ ਕੋਈ ਵੀ ਕਟਿੰਗ ਨਹੀਂ ਹੋਣੀ ਚਾਹੀਦੀ। ਉਥੇ ਕਮਿਸ਼ਨਰ ਜਾਂ ਨੋਟਰੀ ਤੋਂ ਵੈਰੀਫਾਈ ਐਫਿਡੇਵਿਟ ਨਹੀਂ ਚੱਲੇਗਾ। ਜੇ ਅਸਲ ਸਰਟੀਫਿਕੇਟ ਨਹੀਂ ਤਿਆਰ ਹੋਇਆ ਤਾਂ ਅਪਲਾਈ ਕਰਨ ਦੀ ਅਸਲ ਸਲਿਪ ਪੇਸ਼ ਕਰਨੀ ਜ਼ਰੂਰੀ ਹੈ।
2. ਅਨੁਸੂਚਿਤ ਜਾਤੀ ਜਾਂ ਪਛੜੀਆਂ ਸ਼੍ਰੇਣੀਆਂ ਸਬੰਧੀ ਸਰਟੀਫਿਕੇਟ ਸਮਰੱਥ ਅਧਿਕਾਰੀ ਤੇ ਕੇਵਲ ਪੰਜਾਬ ਸਰਕਾਰ ਵੱਲੋਂ ਜਾਰੀ ਹੋਵੇ।
3. ਪੰਜਾਬ ਰਾਜ ਦਾ ਵਸਨੀਕ ਹੋਣ ਦਾ ਸਰਟੀਫਿਕੇਟ (ਰੈਜ਼ੀਡੈਂਸ ਸਰਟੀਫਿਕੇਟ)
4. ਵਿਦਿਆਰਥੀ ਦੇ ਬੈਂਕ ਪਾਸ ਬੁੱਕ ਦੀ ਫੋਟੋਕਾਪੀ ਜਿਸ ਵਿੱਚ ਖਾਤਾ ਨੰਬਰ ਅਤੇ ਬੈਂਕ ਦਾ ਆਈ.ਐਫ.ਸੀ. ਕੋਡ ਹੋਵੇ, ਵੀ ਨਾਲ ਨੱਥੀ ਹੋਵੇ। ਖਾਤਾ ਕਿਸੇ ਨਾਲ Joint ਨਾ ਹੋਵੇ।
5. ਵਿਦਿਆਰਥੀ ਦੇ ਆਧਾਰ ਕਾਰਡ ਅਤੇ ਉਸ ਦੇ ਮਾਤਾ-ਪਿਤਾ ਦੇ ਆਧਾਰ ਕਾਰਡ ਦੀ ਫੋਟੋਕਾਪੀ।
6. ਵਿਦਿਆਰਥੀ ਦੀ ਦਸਵੀਂ ਦੀ ਡੀ.ਐਮ.ਸੀ. ਦੀ ਫੋਟੋਕਾਪੀ।
7. ਵਿਦਿਆਰਥੀ ਦੀ 10+2 ਦੀ ਡੀ.ਐਮ.ਸੀ. ਦੀ ਫੋਟੋਕਾਪੀ।

ਫੀਸ ਕੇਵਲ ਉਸ ਐਸ.ਸੀ.ਵਿਦਿਆਰਥੀ ਦੀ ਮਾਫ ਹੋਵੇਗੀ ਜੋ ਬਾਅਦ ਵਿੱਚ ਪੰਜਾਬ ਸਰਕਾਰ ਵੱਲੋਂ ਖੋਲੇ ਗਏ ਪੋਰਟਲ ਤੇ ਆਨਲਾਈਨ ਅਪਲਾਈ ਕਰੇਗਾ ਅਤੇ ਉਸ ਤੋਂ ਬਾਅਦ ਨਿਕਲਣ ਵਾਲੀ ਨਿਰਧਾਰਤ ਅੰਡਰਟੇਕਿੰਗ ਤੇ ਵਿਦਿਆਰਥੀ ਵੱਲੋਂ ਹਸਤਾਖਰ ਕਰਕੇ ਸਾਰਾ ਕੇਸ ਦੋ ਪਰਤਾਂ ਵਿੱਚ ਕਾਲਜ ਵਿਖੇ ਜਮ੍ਹਾਂ ਕਰਵਾਏਗਾ। ਜੋ ਵਿਦਿਆਰਥੀ ਇਹ ਆਨਲਾਈਨ ਅਪਲਾਈ ਨਹੀਂ ਕਰੇਗਾ ਉਸ ਤੋਂ ਪੂਰੀ ਫੀਸ ਜਮ੍ਹਾਂ ਕਰਵਾਈ ਜਾਵੇਗੀ।

## ਸੈਂਟਰਲ ਸੈਕਟਰ ਸਕਾਲਰਸ਼ਿਪ

ਸੈਂਟਰਲ ਸੈਕਟਰ ਸਕਾਲਰਸ਼ਿਪ, ਘੱਟਗਿਣਤੀ ਵਰਗ (ਸਿੱਖ, ਇਸਾਈ, ਬੋਧੀ, ਪਾਰਸੀ, ਮੁਸਲਿਮ, ਜੈਨੀ) ਅਤੇ ਡਿਸ-ਐਬਿਲਟੀ ਵਿਦਿਆਰਥੀਆਂ ਦੀ ਸਕਾਲਰਸ਼ਿਪ ਸਕੀਮ ਤਹਿਤ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਬੰਧੀ ਵਿਦਿਆਰਥੀ www.scholarships.gov.in ਤੇ ਆਨ-ਲਾਈਨ ਅਪਲਾਈ ਕਰ ਸਕਦੇ ਹਨ।

| ਸਕਾਲਰਸ਼ਿਪ ਦਾ ਨਾਮ | ਯੋਗਤਾ | ਮਾਤਾ-ਪਿਤਾ ਦੀ ਸਲਾਨਾ ਆਮਦਨ |
|---|---|---|
| ਪੋਸਟ ਮੈਟ੍ਰਿਕ ਸਕਾਲਰਸ਼ਿਪ ਘੱਟ ਗਿਣਤੀ ਵਰਗ | 1) ਪਿਛਲੀ ਕਲਾਸ ਵਿੱਚ 50% ਜਾਂ ਉਸ ਤੋਂ ਵੱਧ ਅੰਕ<br>2) 75% ਹਾਜ਼ਰੀ<br>3) ਵਿਦਿਆਰਥੀ ਕੋਈ ਹੋਰ ਵਜ਼ੀਫਾ ਨਾ ਲੈ ਰਿਹਾ ਹੋਵੇ। | ੳ) 2 ਲੱਖ ਤੋਂ ਘੱਟ ਆਮਦਨ<br>ਅ) ਮਾਤਾ-ਪਿਤਾ ਵੱਲੋਂ ਆਮਦਨ ਸਰਟੀਫਿਕੇਟ ਤਹਿਸੀਲਦਾਰ ਵੱਲੋਂ ਜਾਰੀ ਕੀਤਾ ਹੋਵੇ। |

| | | |
|---|---|---|
| ਸੈਂਟਰਲ ਸਕਾਲਰਸ਼ਿਪ (ਮੈਰਿਟ ਸਕੀਮ) | 1) 10+2 ਵਿੱਚ 78% ਤੋਂ ਵੱਧ ਅੰਕ<br>2) 75% ਹਾਜ਼ਰੀ<br>3) ਵਿਦਿਆਰਥੀ ਕੋਈ ਹੋਰ ਵਜ਼ੀਫਾ ਨਾ ਲੈ ਰਿਹਾ ਹੋਵੇ। | ੳ) 8 ਲੱਖ ਤੋਂ ਘੱਟ ਆਮਦਨ<br>ਅ) ਮਾਤਾ-ਪਿਤਾ ਵੱਲੋਂ ਆਮਦਨ ਸਰਟੀਫਿਕੇਟ ਤਹਿਸੀਲਦਾਰ ਵੱਲੋਂ ਜਾਰੀ ਕੀਤਾ ਹੋਵੇ। |
| ਡਿਸ-ਅਬਿਲਟੀ ਵਿਦਿਆਰਥੀਆਂ ਦੀ ਸਕਾਲਰਸ਼ਿਪ ਸਕੀਮ | ਵਿਦਿਆਰਥੀ ਦੀ ਡਿਸ-ਅਬਿਲਟੀ 10% ਜਾਂ ਇਸ ਤੋਂ ਵੱਧ ਹੋਵੇ। | ੳ) 8 ਲੱਖ ਤੋਂ ਘੱਟ ਆਮਦਨ<br>ਅ) ਮਾਤਾ-ਪਿਤਾ ਵੱਲੋਂ ਆਮਦਨ ਸਰਟੀਫਿਕੇਟ ਤਹਿਸੀਲਦਾਰ ਵੱਲੋਂ ਜਾਰੀ ਕੀਤਾ ਹੋਵੇ। |

ਵਿਦਿਆਰਥੀਆਂ ਵੱਲੋਂ ਹਾਰਡ ਕਾਪੀ ਨਾਲ ਲਗਾਏ ਜਾਣ ਵਾਲੇ ਦਸਤਾਵੇਜ਼ ਦੀ ਸੂਚੀ ਹੇਠ ਲਿਖੇ ਅਨੁਸਾਰ ਹੈ

1) ਫਾਇਲ ਕਵਰ (ਵਿਦਿਆਰਥੀ ਦਾ ਨਾਂ, ਪਤਾ, ਸੈਸ਼ਨ, ਕਾਲਜ ਵੱਲੋਂ ਜਾਰੀ ਰੋਲ ਨੰਬਰ, ਪਾਸਪੋਰਟ ਸਾਇਜ਼ ਫੋਟੋ ਲੱਗੀ ਹੋਵੇ।
2) ਅਪਲਾਈ ਕਰਨ ਉਪਰੰਤ ਐਪਲੀਕੇਸ਼ਨ ਫਾਰਮ ਤੇ ਵਿਦਿਆਰਥੀ ਦੇ ਹਸਤਾਖਰ ਸਮੇਤ।
3) ਘੱਟ ਗਿਣਤੀ ਵਰਗ ਸਬੰਧੀ ਵਿਦਿਆਰਥੀ ਵੱਲੋਂ ਸਵੈ-ਘੋਸ਼ਣਾ ਫਾਰਮ।
4) ਵਿਦਿਆਰਥੀ ਵੱਲੋਂ ਮਾਪੇ/ਸ੍ਰਪਸਤ ਦੀ ਆਮਦਨ ਸਬੰਧੀ ਸਵੈ-ਘੋਸ਼ਣਾ ਫਾਰਮ।
5) ਕਾਲਜ ਫੀਸ ਦੀ ਰਸੀਦ
6) ਮੈਟ੍ਰਿਕ ਦਾ ਸਰਟੀਫਿਕੇਟ
7) ਪਿਛਲੀ ਕਲਾਸ ਦਾ ਸਰਟੀਫਿਕੇਟ
8) ਵਿਦਿਆਰਥੀ ਦਾ ਆਧਾਰ ਕਾਰਡ (ਫੋਟੋਕਾਪੀ)
9) ਪੰਜਾਬ ਰਿਹਾਇਸ਼ ਸਰਟੀਫਿਕੇਟ
10) ਬੈਂਕ ਖਾਤੇ ਦੀ ਫੋਟੋਕਾਪੀ ਸਮੇਤ ਆਈ.ਐਫ.ਐਸ.ਸੀ.ਕੋਡ
11) ਮਾਤਾ -ਪਿਤਾ ਵੱਲੋਂ ਆਮਦਨ ਸਰਟੀਫਿਕੇਟ ਤਹਿਸੀਲਦਾਰ ਵੱਲੋਂ ਜਾਰੀ ਕੀਤਾ ਹੋਵੇ।
12) ਜਾਤੀ ਸਰਟੀਫਿਕੇਟ
13) ਡਿਸ-ਐਬਿਲਟੀ ਸਰਟੀਫਿਕੇਟ

ਪੁਰਾਣੇ ਵਿਦਿਆਰਥੀ ਆਪਣੇ ਪੁਰਾਣੇ ਯੂਜ਼ਰ ਆਈ.ਡੀ.ਪਾਸਵਰਡ ਦਾ ਆਨ-ਲਾਇਨ ਅਪਲਾਈ ਕਰਨ ਵੇਲੇ ਇਸਤੇਮਾਲ ਕਰਨ।

ਨੋਟ: ਵਜੀਫਿਆਂ ਸਬੰਧੀ ਸਮੇਂ ਸਮੇਂ ਤੇ ਸਰਕਾਰੀ ਨਿਯਮਾਂ ਵਿਚਲੀ ਤਬਦੀਲੀ ਇੰਨ ਬਿੰਨ ਲਾਗੂ ਹੋਵੇਗੀ।

## Pernod Ricard India Foundation Scholarship 2021-22

ਇਹ ਵਜੀਫਾ ਉਹਨਾਂ ਵਿਦਿਆਰਥੀਆਂ ਲਈ ਹੈ ਜੋ 10+2 ਤੋਂ ਬਾਅਦ ਉਚੇਰੀ ਸਿੱਖਿਆ ਪ੍ਰਾਪਤ ਕਰ ਰਹੇ ਹਨ। ਨਿਯਮਤ ਕੋਰਸ ਦੀ ਪੜ੍ਹਾਈ ਕਰ ਰਹੇ ਵਿਦਿਆਰਥੀ ਇਸ ਵਜੀਫੇ ਦੇ ਯੋਗ ਹੋਣਗੇ। ਸਾਰੇ ਸਰੋਤਾਂ ਤੋਂ ਵਿਦਿਆਰਥੀ ਦੇ ਪਰਿਵਾਰ ਦੀ ਸਲਾਨਾ ਆਮਦਨ 2.50 ਲੱਖ ਤੋਂ ਵੱਧ ਨਹੀਂ ਹੋਣੀ ਚਾਹੀਦੀ। ਵਜੀਫਾ ਉੱਚ ਸਿੱਖਿਆ ਲਈ ਵਿਦਿਆਰਥੀ ਦੇ ਅਸਲ ਖਰਚੇ 'ਤੇ ਨਿਰਭਰ ਕਰਦਾ ਹੈ। ਇਸ ਸਬੰਧੀ ਵਿਸਥਾਰਤ ਜਾਣਕਾਰੀ ਕਾਲਜ ਦੀ ਵੈਬਸਾਈਟ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।

# ਸਹਿ-ਪਾਠਕ੍ਰਮ ਸਰਗਰਮੀਆਂ

ਕਾਲਜ ਵਿੱਚ ਵਿਦਿਆਰਥੀਆਂ ਦੀ ਸ਼ਖਸੀਅਤ ਦੇ ਸਰਵਪੱਖੀ ਵਿਕਾਸ ਲਈ ਪੜ੍ਹਾਈ ਤੋਂ ਇਲਾਵਾ ਬਹੁਤ ਸਾਰੀਆਂ ਸਹਿ-ਪਾਠਕ੍ਰਮ ਸਰਗਰਮੀਆਂ ਦੀਆਂ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ।ਬਹੁਤ ਸਾਰੇ ਕਲੱਬ ਅਤੇ ਵਿਸ਼ਾ ਸਭਾਵਾਂ, ਇਸ ਕਾਲਜ ਵਿੱਚ ਕੰਮ ਕਰਦੀਆਂ ਹਨ।ਇਹਨਾਂ ਵੱਲੋਂ ਵਿਦਿਅਕ ਅਤੇ ਸਭਿਆਚਾਰਕ ਕਾਰਜ, ਜਿਵੇਂ ਨਾਟਕ, ਕਾਵਿ- ਉਚਾਰਣ, ਸੰਗੀਤ, ਵਾਦ-ਵਿਵਾਦ, ਭਾਸ਼ਣ ਪ੍ਰਤੀਯੋਗਤਾ, ਪੇਪਰ ਪੜ੍ਹਨ, ਪੇਂਟਿੰਗ ਆਦਿ ਮੁਕਾਬਲੇ ਕਰਵਾਏ ਜਾਂਦੇ ਹਨ।ਅੰਤਰ ਕਾਲਜ ਪ੍ਰਤਿਯੋਗਤਾ ਦਾ ਪ੍ਰਬੰਧ ਕੀਤਾ ਜਾਂਦਾ ਹੈ ਅਤੇ ਵਿਦਿਆਰਥੀ ਦੂਸਰੇ ਕਾਲਜਾਂ ਵਿੱਚ ਅਜਿਹੀਆਂ ਪ੍ਰਤੀਯੋਗਤਾਵਾਂ ਵਿੱਚ ਭਾਗ ਲੈਣ ਲਈ ਭੇਜੇ ਜਾਂਦੇ ਹਨ।ਯੂਨੀਵਰਸਿਟੀ ਯੁਵਕ ਮੇਲਿਆਂ ਵਿੱਚ ਹਰ ਸਾਲ ਸਾਡਾ. ਕਾਲਜ ਭਾਗ ਲੈਂਦਾ ਹੈ ਅਤੇ ਚੰਗੀਆਂ ਪ੍ਰਾਪਤੀਆਂ ਕਰਦਾ ਹੈ।

# ਲਾਇਬ੍ਰੇਰੀ ਅਤੇ ਇਸਦੇ ਨਿਯਮ

ਕਾਲਜ ਲਾਇਬ੍ਰੇਰੀ ਵਿੱਚ 17000 ਤੋਂ ਵੱਧ ਪੁਸਤਕਾਂ ਹਨ ਪੁਸਤਕਾਂ ਕੇਵਲ ਸਟਾਫ ਮੈਂਬਰਾਂ ਅਤੇ ਰੈਗੂਲਰ ਵਿਦਿਆਰਥੀਆਂ ਨੂੰ ਹੀ ਜਾਰੀ ਕੀਤੀਆਂ ਜਾਂਦੀਆਂ ਹਨ। ਕਿਸੇ ਨੂੰ ਵੀ ਲਾਇਬ੍ਰੇਰੀ ਤੋਂ ਪੁਸਤਕਾਂ ਕਢਵਾ ਕੇ ਅੱਗੇ ਕਿਸੇ ਹੋਰ ਨੂੰ ਦੇਣ ਦੀ ਆਗਿਆ ਨਹੀਂ ਹੈ। ਲਾਇਬ੍ਰੇਰੀ ਦੇ ਕੁਝ ਹੇਠ ਲਿਖੇ ਨਿਯਮ:-

1. ਲਾਇਬ੍ਰੇਰੀ ਕਾਲਜ ਦੇ ਸਾਰੇ ਕੰਮ ਵਾਲੇ ਦਿਨਾਂ ਵਿੱਚ ਕਾਲਜ ਦੇ ਸਮੇਂ ਅਨੁਸਾਰ ਖੁੱਲ੍ਹੀ ਰਹੇਗੀ, ਪਰ ਪੁਸਤਕਾਂ ਕਢਵਾਉਣ ਅਤੇ ਵਾਪਸ ਕਰਨ ਦਾ ਸਮਾਂ ਅਤੇ ਦਿਨ ਸੰਸਥਾਂ ਵੱਲੋਂ ਨਿਸ਼ਚਤ ਕੀਤਾ ਜਾਵੇਗਾ।
2. ਇੱਕ ਵਿਦਿਆਰਥੀ ਦੋ ਹਫਤਿਆਂ ਲਈ ਇਕੋਂ ਸਮੇਂ ਤਿੰਨ ਪੁਸਤਕਾਂ ਆਪਣੇ ਨਾਂ ਉੱਤੇ ਲੈ ਸਕਦਾ ਹੈ।
3. 14 ਦਿਨਾਂ ਦੇ ਬਾਅਦ ਪੁਸਤਕ/ਪੁਸਤਕਾਂ ਵਾਪਸ ਕਰਨ ਤੇ ਹਰੇਕ ਵਿਦਿਆਰਥੀ ਤੋਂ ਨਿਯਮਾਂ ਅਨੁਸਾਰ ਪ੍ਰਤੀ ਪੁਸਤਕ ਪ੍ਰਤੀ ਰੋਜ਼ ਦੇ

ਹਿਸਾਬ ਨਾਲ ਜ਼ੁਰਮਾਨਾ ਲਿਆ ਜਾਵੇਗਾ। ਪ੍ਰੰਤੂ ਪੱਤਝੜ੍ਹ ਅਤੇ ਸਰਦੀਆਂ ਦੀਆਂ ਛੁੱਟੀਆਂ ਵਿੱਚ ਕਿਤਾਬਾਂ, ਕਾਲਜ ਖੁੱਲ੍ਹਣ ਤੇ ਵਾਪਸ ਕੀਤੀਆਂ ਜਾ ਸਕਦੀਆਂ ਹਨ।

4. ਕਢਵਾਈ ਗਈ ਪੁਸਤਕ ਜੇਕਰ ਕਿਸੇ ਹੋਰ ਨੂੰ ਨਹੀਂ ਚਾਹੀਦੀ ਤਾਂ ਦੁਬਾਰਾ ਕਢਵਾਈ ਜਾ ਸਕਦੀ ਹੈ।
5. ਪੁਸਤਕ ਗੁੰਮ ਹੋ ਜਾਣ ਤੇ ਵਿਦਿਆਰਥੀ ਨੂੰ ਉਸਦੀ ਨਵੀਂ ਕੀਮਤ, 1/3 ਵਾਧੇ ਸਮੇਤ, ਭਰਨੀ ਪਵੇਗੀ।
6. ਰੈਫਰੈਂਸ ਬੁਕ/ਸਿਲੇਬਸ ਅਤੇ ਮੈਗਜ਼ੀਨ ਲਾਇਬ੍ਰੇਰੀ ਵਿੱਚ ਆਪਣੇ ਸ਼ਨਾਖਤੀ ਕਾਰਡ ਜਮ੍ਹਾਂ ਕਰਵਾ ਕੇ ਉਥੇ ਹੀ ਬੈਠ ਕੇ ਪੜ੍ਹਨ ਲਈ ਮਿਲ ਸਕਦੇ ਹਨ।

## ਸ਼ਨਾਖਤੀ ਕਾਰਡ

ਕਾਲਜ ਵਿੱਚ ਦਾਖਲਾ ਲੈਣ ਤੋਂ ਬਾਅਦ ਹਰੇਕ ਵਿਦਿਆਰਥੀ ਦਾ ਫਰਜ਼ ਹੈ ਕਿ ਉਹ ਲਾਇਬ੍ਰੇਰੀ ਤੋਂ ਆਪਣਾ ਸ਼ਨਾਖਤੀ ਕਾਰਡ ਛੇਤੀ ਪ੍ਰਾਪਤ ਕਰੇ। ਉਸਨੂੰ ਹਰ ਸਮੇਂ ਕਾਲਜ ਕੈਂਪਸ ਵਿੱਚ ਆਪਣੇ ਪਾਸ ਰੱਖੇ ਤਾਂ ਜੋ ਕਾਲਜ ਅਧਿਕਾਰੀਆਂ ਨੂੰ ਮੰਗਣ ਤੇ ਵਿਖਾਇਆ ਜਾ ਸਕੇ। ਗੁੰਮ ਹੋ ਜਾਣ ਤੇ ਡੁਪਲੀਕੇਟ ਸ਼ਨਾਖਤੀ ਕਾਰਡ ਨਿਸ਼ਚਿਤ ਫੀਸ ਜਮ੍ਹਾਂ ਕਰਵਾਉਣ ਤੇ ਹੀ ਜਾਰੀ ਹੋਵੇਗਾ।

## ਬੁੱਕ ਬੈਂਕ

ਕਾਲਜ ਵਿਖੇ ਲਾਇਬ੍ਰੇਰੀ ਵਿੱਚ ਬੁੱਕ ਬੈਂਕ ਚੱਲ ਰਿਹਾ ਹੈ। ਲੋੜਵੰਦ, ਗਰੀਬ ਵਿਦਿਆਰਥੀ ਪੂਰੇ ਸਾਲ ਲਈ ਬੁੱਕ ਬੈਂਕ ਵਿੱਚੋਂ ਪੁਸਤਕਾਂ ਕਢਵਾ ਸਕਦੇ ਹਨ। ਪੇਪਰਾਂ ਉਪਰੰਤ ਪੁਸਤਕਾਂ ਵਾਪਸ ਕਰਨਾ ਜ਼ਰੂਰੀ ਹੈ।

# ਵਿਭਿੰਨ ਕਲੱਬ, ਸੁਸਾਇਟੀਆਂ ਅਤੇ ਸਭਾਵਾਂ

## ਪੀ.ਟੀ.ਏ. (ਮਾਪੇ – ਅਧਿਆਪਕ ਸੰਸਥਾ)

ਵਿਦਿਆਰਥੀਆਂ ਦੀ ਭਲਾਈ ਲਈ ਵੱਖ-ਵੱਖ ਕਦਮ ਚੁੱਕਣ ਹਿੱਤ, ਸਰਕਾਰ ਵੱਲੋਂ ਨਿਰਧਾਰਤ ਸੰਵਿਧਾਨ ਮੁਤਾਬਕ ਹਰ ਸਾਲ ਪੀ.ਟੀ.ਏ. ਬਣਾਈ ਜਾਂਦੀ ਹੈ। ਇਸ ਸੰਸਥਾਂ 'ਚ ਕੇਵਲ ਵਿਦਿਆਰਥੀਆਂ ਦੇ ਮਾਤਾ-ਪਿਤਾ ਤੇ ਅਧਿਆਪਕ ਹੀ ਮੈਂਬਰ ਬਣ ਸਕਦੇ ਹਨ। ਹਰ ਸੈਸ਼ਨ ਦੇ ਸ਼ੁਰੂ ਵਿੱਚ ਇਸ ਸੰਸਥਾਂ ਦੀ ਜਨਰਲ ਬਾਡੀ ਦੀ ਮੀਟਿੰਗ ਕਰਕੇ ਕਾਰਜਕਾਰੀ ਕਮੇਟੀ ਦੀ ਚੋਣ ਕੀਤੀ ਜਾਂਦੀ ਹੈ। ਇਹ ਕਮੇਟੀ ਸਾਰਾ ਸਾਲ ਵਿਦਿਆਰਥੀ ਭਲਾਈ ਹਿੱਤ ਸਰਬਸੰਮਤੀ ਨਾਲ ਭਿੰਨ-ਭਿੰਨ ਫੈਸਲੇ ਲੈਂਦੀ ਹੈ। ਇਸ ਫੰਡ ਵਿੱਚੋਂ ਸਾਰਾ ਖਰਚਾ ਇਸ ਕਮੇਟੀ ਦੀ ਪ੍ਰਵਾਨਗੀ ਨਾਲ ਕੀਤਾ ਜਾਂਦਾ ਹੈ ਅਤੇ ਸੈਸ਼ਨ ਖਤਮ ਹੋਣ ਤੇ ਲੇਖਾ ਰਜਿਸਟਰਡ ਚਾਰਟਰਡ ਅਕਾਉਂਟੈਂਟ ਤੋਂ ਆਡਿਟ ਰਕਵਾਇਆ ਜਾਂਦਾ ਹੈ। ਇਸ ਸਬੰਧੀ ਸਰਕਾਰ ਨੂੰ ਰਿਪੋਰਟ ਭੇਜੀ ਜਾਂਦੀ ਹੈ। ਕਾਲਜ ਅਤੇ ਵਿਦਿਆਰਥੀਆਂ ਦੇ ਵਿਕਾਸ ਵਿੱਚ ਪੀ.ਟੀ.ਏ. ਹਰ ਸਾਲ ਮਹੱਤਵਪੂਰਨ ਯੋਗਦਾਨ ਪਾਉਂਦੀ ਹੈ।

## ਹਾਇਰ ਐਜੂਕੇਸ਼ਨ ਇੰਸਟੀਚਿਊਟ ਸੋਸਾਇਟੀ (ਐਚ.ਈ.ਆਈ.ਐਸ)

ਇਹ ਇਕ ਰਜਿਸਟਰਡ ਸੋਸਾਇਟੀ ਹੈ। ਇਸ ਅਧੀਨ ਵੱਖ-ਵੱਖ ਸਵੈ ਵਿੱਤੀ ਕੋਰਸ ਜਿਵੇਂ ਕਿ ਬੀ.ਕਾਮ. ਆਨਰਜ਼ ਅਤੇ ਬੀ.ਸੀ.ਏ. ਆਦਿ ਚਲਾਏ ਜਾ ਰਹੇ ਹਨ।

## ਰੋਜ਼ਗਾਰ ਸੂਚਨਾ ਅਤੇ ਗਾਈਡੈਂਸ ਕੇਂਦਰ

ਕਾਲਜ ਵਿਖੇ ਰੋਜ਼ਗਾਰ ਜਾਂ ਕਿੱਤਾ ਸੂਚਨਾ ਅਤੇ ਗਾਈਡੈਂਸ ਕੇਂਦਰ ਦੀ ਸਥਾਪਨਾ ਕੀਤੀ ਗਈ ਹੈ। ਵੱਖ-ਵੱਖ ਕਿੱਤਿਆਂ ਵਾਸਤੇ ਪੜ੍ਹਨ ਲਈ ਲੋੜੀਦੀ ਸਮਗਰੀ ਅਤੇ ਅਗਵਾਈ ਦਿੱਤੀ ਜਾਂਦੀ ਹੈ । ਇਸ ਸਬੰਧ ਵਿੱਚ ਕੁੱਝ ਲੈਕਚਰ ਵੀ ਕਰਵਾਏ ਜਾਂਦੇ ਹਨ।

## ਯੁਵਕ ਸੇਵਾਵਾਂ ਕਲੱਬ ਅਤੇ ਰੈੱਡ ਰਿਬਨ ਕਲੱਬ

ਕਾਲਜ ਵਿੱਚ ਡਾਇਰੈਕਟਰ ਯੁਵਕ ਸੇਵਾਵਾਂ ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ "ਯੁਵਕ ਸੇਵਾਵਾਂ ਕਲੱਬ" ਅਤੇ ਪੰਜਾਬ ਸਟੇਟ ਏਡਜ਼ ਸੁਸਾਇਟੀ ਅਤੇ ਯੁਵਕ ਸੇਵਾਵਾਂ ਵਿਭਾਗ, ਪੰਜਾਬ ਦੇ ਆਦੇਸ਼ ਅਨੁਸਾਰ "ਰੈੱਡ ਰਿਬਨ ਕਲੱਬ" ਬਣਾਏ ਗਏ ਹਨ।

## ਕਾਨੂੰਨੀ ਸੇਵਾਵਾਂ ਸਹਾਇਤਾ ਸੋਸਾਇਟੀ

ਕਾਨੂੰਨੀ ਸੇਵਾਵਾਂ ਸਹਾਇਤਾ ਅਥਾਰਟੀ ਭਾਰਤ ਸਰਕਾਰ, ਪੰਜਾਬ ਸਰਕਾਰ ਅਤੇ ਜਿਲ੍ਹਾ ਐਸ.ਏ.ਐਸ. ਨਗਰ ਦੇ ਨਿਰਦੇਸ਼ਾਂ ਅਨੁਸਾਰ ਕਾਲਜ ਵਿੱਚ ਇਹ ਸੋਸਾਇਟੀ ਬਣਾਈ ਜਾਂਦੀ ਹੈ। ਜੋ ਵਿਦਿਆਰਥੀਆਂ ਵਿੱਚ ਮੁਫ਼ਤ ਕਾਨੂੰਨੀ ਸੇਵਾਵਾਂ ਮੁਹੱਈਆ ਕਰਵਾਉਣ ਬਾਰੇ ਚੇਤਨਤਾ ਪੈਦਾ ਕਰਨ ਦੀ ਕੋਸ਼ਿਸ਼ ਕਰਦੀ ਹੈ।

## ਐਨ.ਐਸ.ਐਸ.

ਕਾਲਜ ਵਿੱਚ ਐਨ.ਐਸ.ਐਸ. ਅਧੀਨ ਦੋ ਯੂਨਿਟ ਕੰਮ ਕਰਦੇ ਹਨ। ਹਰੇਕ ਯੂਨਿਟ ਦਾ ਇੰਚਾਰਜ ਇਕ ਅਧਿਆਪਕ ਹੁੰਦਾ ਹੈ, ਜਿਸਦੀ ਅਗਵਾਈ ਹੇਠ ਯੂਨਿਟ ਕੰਮ ਕਰਦੇ ਹਨ। ਹਰੇਕ ਯੂਨਿਟ ਵਿੱਚ ਨਿਸ਼ਚਿਤ ਗਿਣਤੀ ਵਿਦਿਆਰਥੀ ਰਜਿਸਟਰ ਹੋ ਸਕਦੇ ਹਨ।

## ਸੈਕਸੂਅਲ ਹੈਰਾਸਮੈਂਟ ਅਤੇ ਵੂਮੈਨ ਸੈਲ

ਕਾਲਜ ਵਿੱਚ ਲੜਕੀਆਂ ਦੀ ਸਹਾਇਤਾ ਲਈ ਇਕ ਸੈਕਸੁਅਲ ਹੈਰਾਸਮੈਂਟ ਅਤੇ ਵੂਮੈਨ ਸੈਲ ਬਣਾਇਆ ਗਿਆ ਹੈ। ਜੇਕਰ ਵਿਦਿਆਰਥਣਾਂ ਨੂੰ ਕੋਈ ਵੀ ਮੁਸ਼ਕਿਲ ਪੇਸ਼ ਆਵੇ ਤਾਂ ਉਹ ਇਸ ਸੈਲ ਦੇ ਮੈਂਬਰਾਂ ਕੋਲ ਆਪਣੀ ਸ਼ਿਕਾਇਤ ਦਰਜ ਕਰਵਾ ਸਕਦੇ ਹਨ।

## ਟਿਊਟੋਰੀਅਲ ਗਰੁੱਪ ਅਤੇ ਮੈਂਟੋਰ ਗਰੁੱਪ

ਕਾਲਜ ਨਾਲ ਵਿਦਿਆਰਥੀਆਂ ਨੂੰ ਜੋੜਨ, ਕਾਲਜ ਨਿਯਮਾਂ ਦੀ ਜਾਣਕਾਰੀ ਦੇਣ, ਅਧਿਆਪਕਾਂ ਨਾਲ ਉਨ੍ਹਾਂ ਦੀ ਸਾਂਝ ਵਧਾਉਣ ਅਤੇ ਸਮੇਂ-ਸਮੇਂ ਤੇ ਭਿੰਨ-ਭਿੰਨ ਗਤੀਵਿਧੀਆਂ ਬਾਰੇ ਦੱਸਣ ਹਿੱਤ, ਹਰ ਸਾਲ ਵਿਦਿਆਰਥੀਆਂ ਨੂੰ ਟਿਊਟੋਰੀਅਲ ਗਰੁੱਪ ਅਲਾਟ ਕੀਤੇ ਜਾਂਦੇ ਹਨ। ਹਰੇਕ ਗਰੁੱਪ ਦਾ ਇੰਚਾਰਜ ਇਕ ਅਧਿਆਪਕ ਹੁੰਦਾ ਹੈ। ਗਰੁੱਪ ਦੇ ਮੈਂਬਰ ਵਿਦਿਆਰਥੀ ਆਪਣੇ ਟਿਊਟਰ ਤੋਂ ਲੋੜ

ਅਨੁਸਾਰ ਸਲਾਹ ਅਤੇ ਸੇਧ ਲੈ ਸਕਦੇ ਹਨ। ਹਰੇਕ 15 ਦਿਨ ਬਾਅਦ ਟਿਊਟੋਰੀਅਲ ਗਰੁੱਪ ਮੀਟਿੰਗ ਲਈ ਵਿਸ਼ੇਸ਼ ਪੀਰੀਅਡ ਰੱਖਿਆ ਜਾਂਦਾ ਹੈ ਜਿਸ ਵਿੱਚ ਵਿਦਿਆਰਥੀਆਂ ਦੀ ਹਾਜ਼ਰੀ ਲਾਜ਼ਮੀ ਹੁੰਦੀ ਹੈ।

# ਮਿਡ ਸਮੈਸਟਰ ਟੈਸਟ

ਪੰਜਾਬੀ ਯੂਨੀਵਰਸਿਟੀ ਦੀਆਂ ਹਦਾਇਤਾਂ ਅਨੁਸਾਰ ਹਰ ਸਾਲ ਮਿਡ ਸਮੈਸਟਰ ਟੈਸਟ ਹੇਠ ਲਿਖੇ ਅਨੁਸਾਰ ਲਏ ਜਾਂਦੇ ਹਨ:-

1. ਮਿਡ ਸਮੈਸਟਰ ਟੈਸਟ ਨਵੰਬਰ ਦੇ ਮਹੀਨੇ ਵਿੱਚ ਅਤੇ ਅਪ੍ਰੈਲ ਦੇ ਮਹੀਨੇ ਵਿੱਚ ਹੋਵੇਗੀ।
2. ਇਨ੍ਹਾਂ ਪ੍ਰੀਖਿਆਵਾਂ ਦੇ ਨਤੀਜਿਆਂ ਅਤੇ ਕੁੱਝ ਹੋਰ ਨਿਰਧਾਰਿਤ ਸ਼ਰਤਾਂ ਦੇ ਆਧਾਰ ਤੇ ਹੀ ਯੂਨੀਵਰਸਿਟੀ ਨੂੰ ਪ੍ਰੀਖਿਆ ਫਾਰਮ ਅਤੇ ਇੰਟਰਨਲ ਅਸੈਸਮੈਂਟ ਭੇਜੀ ਜਾਵੇਗੀ।
3. ਜਿਹੜਾ. ਵਿਦਿਆਰਥੀ ਬਿਨਾਂ ਕਿਸੇ ਆਗਿਆ/ਬਿਨਾਂ ਕਿਸੇ ਛੁੱਟੀ ਲਏ ਮਿਡ ਸਮੈਸਟਰ ਟੈਸਟ ਵਿੱਚ ਗੈਰ ਹਾਜਰ ਰਹਿੰਦਾ ਹੈ ਉਸਨੂੰ ਪ੍ਰੀਖਿਆ ਦਾ ਸਪੈਸ਼ਲ ਚਾਂਸ ਨਹੀਂ ਦਿੱਤਾ ਜਾਵੇਗਾ। ਮੈਡੀਕਲ ਗਰਾਊਂਡ ਤੇ ਵੀ ਪ੍ਰੀਖਿਆ ਵਾਲੇ ਦਿਨ ਗੈਰ ਹਾਜਰੀ ਲਈ ਮੈਡੀਕਲ ਸਰਟੀਫਿਕੇਟ ਉਸੇ ਦਿਨ ਦੇਣਾ ਅਤੇ ਛੁੱਟੀ ਮਨਜ਼ੂਰ ਕਰਵਾਉਣੀ ਜ਼ਰੂਰੀ ਹੈ। ਇਹ ਨਾ ਕਰਨ ਦੀ ਸੂਰਤ ਵਿੱਚ ਸਾਲਾਨਾ ਪ੍ਰੀਖਿਆ ਲਈ ਦਾਖਲਾ ਨਹੀਂ ਭੇਜਿਆ ਜਾਵੇਗਾ।
4. ਜਿਹੜੇ ਵਿਦਿਆਰਥੀ ਕਾਲਜ ਦੇ ਆਪਣੇ ਇਮਤਿਹਾਨ ਵਿੱਚ ਅਯੋਗ ਢੰਗਾਂ ਦੀ ਵਰਤੋਂ ਕਰਨ ਦੇ ਦੋਸ਼ੀ ਹੋਣਗੇ, ਉਹਨਾਂ ਦਾ ਦਾਖਲਾ ਯੂਨੀਵਰਸਿਟੀ ਨੂੰ ਨਹੀਂ ਭੇਜਿਆ ਜਾਵੇਗਾ।

# ਯੂਨੀਵਰਸਿਟੀ ਇਮਤਿਹਾਨ ਲਈ ਪਾਤਰਤਾ ਨਿਯਮ

ਯੂਨੀਵਰਸਿਟੀ ਵੱਲੋਂ ਇਸ ਵਿਦਿਅਕ ਸੈਸ਼ਨ ਲਈ ਨਿਰਧਾਰਿਤ ਪਾਤਰਤਾ ਨਿਯਮ ਲਾਗੂ ਹੋਣਗੇ। ਇਨ੍ਹਾਂ ਦੀ ਵਿਸਤ੍ਰਿਤ ਜਾਣਕਾਰੀ ਕਾਲਜ ਲਾਇਬ੍ਰੇਰੀ ਵਿਖੇ ਉਪਲਬਧ ਸਿਲੇਬਸਾਂ ਜਾਂ ਕੈਲਡਰਾਂ ਵਿੱਚੋਂ ਪ੍ਰਾਪਤ ਕੀਤੀ ਜਾ ਸਕਦੀ ਹੈ। ਇਨ੍ਹਾਂ ਨਿਯਮਾਂ ਵਿੱਚ ਯੂਨੀਵਰਸਿਟੀ ਕਦੇ ਵੀ ਕੋਈ ਤਬਦੀਲੀ ਕਰ ਸਕਦੀ ਹੈ:

1) ਬੀ.ਏ./ਬੀ.ਕਾਮ/ਬੀ.ਕਾਮ(ਆਨਰਜ਼)/ਬੀ.ਐਸ.ਸੀ./ਬੀ.ਸੀ.ਏ. ਆਦਿ ਸਾਰੇ ਕੋਰਸਾਂ ਦੇ ਸਮੈਸਟਰ I ਤੋਂ VI ਦੀਆਂ ਜਮਾਤਾਂ ਦੇ ਵਿਦਿਆਰਥੀਆਂ ਨੂੰ ਕਾਲਜ ਦੇ ਮਿਡ ਸਮੈਸਟਰ ਟੈਸਟਾਂ ਵਿੱਚ ਸਾਰਿਆਂ ਵਿਸ਼ਿਆਂ ਦੇ ਕੁੱਲ ਜੋੜ ਵਿੱਚੋਂ ਘੱਟੋ ਘੱਟ 35% ਅੰਕ ਲੈਣੇ ਜ਼ਰੂਰੀ ਹਨ ਜਾਂ ਹਰ ਵਿਸ਼ੇ ਵਿੱਚੋਂ 25% ਅੰਕ ਜ਼ਰੂਰੀ ਹਨ। ਹਰੇਕ ਸਮੈਸਟਰ ਵਿੱਚ ਹਰ ਵਿਸ਼ੇ ਦੀਆਂ ਘੱਟੋ-ਘੱਟ ਦੋ ਅਸਾਈਨਮੈਂਟਾਂ ਜਮ੍ਹਾਂ ਕਰਵਾਉਣੀਆਂ ਲਾਜ਼ਮੀ ਹਨ।

2) ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਨਿਯਮਾਂ ਅਨੁਸਾਰ ਹਰੇਕ ਵਿਸ਼ੇ ਵਿੱਚ ਦਿੱਤੇ ਗਏ ਲੈਕਚਰਾਂ ਦੀ ਕੁੱਲ ਗਿਣਤੀ ਦਾ 75% ਹਾਜ਼ਰੀਆਂ ਪ੍ਰਾਪਤ ਕਰਨੀਆਂ ਜ਼ਰੂਰੀ ਹਨ।

3) ਸਮੈਸਟਰ III ਅਤੇ V ਵਿੱਚ ਵਿਦਿਆਰਥੀ ਨੂੰ ਤਾਂ ਹੀ ਦਾਖਲਾ ਦਿੱਤਾ ਜਾਵੇਗਾ ਜੇਕਰ ਉਸਦੇ ਪਹਿਲੇ ਸਮੈਸਟਰਾਂ ਦੇ ਘੱਟੋ ਘੱਟ 50% ਪੇਪਰ ਕਲੀਅਰ ਹੋਣਗੇ। ਜੇਕਰ ਵਿਦਿਆਰਥੀ ਦੇ II ਅਤੇ IV ਸਮੈਸਟਰ ਦਾ ਨਤੀਜਾ ਨਾ ਆਇਆ ਹੋਵੇ ਤਾਂ ਉਸਨੂੰ ਆਰਜੀ ਤੌਰ ਤੇ ਅਗਲੇ ਸਮੈਸਟਰ ਵਿੱਚ ਦਾਖਲਾ ਦੇ ਦਿੱਤਾ ਜਾਵੇਗਾ। ਪਰੰਤੂ ਉਸ ਸਮੈਸਟਰ ਦਾ ਇਮਤਿਹਾਨ ਦੇਣ ਦੀ ਆਗਿਆ ਤਾਂ ਹੀ ਮਿਲੇਗੀ ਜੇਕਰ ਉਕਤ ਸ਼ਰਤ ਪੂਰੀ ਹੋਵੇਗੀ।

ਉਕਤ ਸ਼ਰਤਾਂ ਪੂਰੀਆਂ ਨਾ ਕਰਨ ਵਾਲਾ ਵਿਦਿਆਰਥੀ ਯੂਨੀਵਰਸਿਟੀ ਇਮਤਿਹਾਨ ਵਿੱਚ ਬੈਠਣ ਦਾ ਪਾਤਰ ਨਹੀਂ ਹੋਵੇਗਾ।

# ਕਾਲਜ ਦੇ ਇਨਾਮਾਂ ਲਈ ਹੱਕਦਾਰ ਬਣਨ ਦੇ ਨਿਯਮ : ਅਕਾਦਮਿਕ ਇਨਾਮ

1. ਵਿਦਿਅਕ ਇਨਾਮਾਂ ਲਈ ਹੱਕਦਾਰ ਬਣਨ ਲਈ ਯੂਨੀਵਰਸਿਟੀ ਦੇ ਨਿਯਮਾਂ ਅਨੁਸਾਰ ਆਪਣੇ ਚੁਣੇ ਹੋਏ ਹਰੇਕ ਵਿਸ਼ੇ ਵਿੱਚੋਂ ਪਾਸ ਹੋਣਾ ਜ਼ਰੂਰੀ ਹੈ।
2. ਜੇਕਰ ਕਿਸੇ ਕਲਾਸ ਦੇ ਵਿਦਿਆਰਥੀਆਂ ਦੀ ਗਿਣਤੀ 10 ਤੱਕ ਹੈ ਤਾਂ ਇੱਕ ਇਨਾਮ ਦਿੱਤਾ ਜਾਵੇਗਾ, ਜੇਕਰ ਗਿਣਤੀ ਇਸ ਤੋਂ ਵੱਧ ਹੈ ਤਾਂ ਦੋ ਇਨਾਮ ਦਿੱਤੇ ਜਾਣਗੇ।
3. ਅੰਗਰੇਜ਼ੀ ਵਿੱਚ ਪਹਿਲੇ ਇਨਾਮ ਲਈ ਘੱਟੋ ਘੱਟ 55% ਅੰਕ ਪ੍ਰਾਪਤ ਕਰਨੇ ਜ਼ਰੂਰੀ ਹਨ। ਬਾਕੀ ਵਿਸ਼ਿਆਂ ਵਿੱਚ ਇਸ ਇਨਾਮ ਲਈ ਘੱਟੋ ਘੱਟ 60% ਅੰਕ ਲੈਣੇ ਜ਼ਰੂਰੀ ਹਨ, ਨਹੀਂ ਤਾਂ ਦੂਜਾ ਇਨਾਮ ਦਿੱਤਾ ਜਾਵੇਗਾ।
4. ਅੰਗਰੇਜ਼ੀ ਵਿੱਚ ਦੂਜਾ ਇਨਾਮ ਹਾਸਲ ਕਰਨ ਲਈ ਘੱਟੋ ਘੱਟ 45% ਅੰਕ ਪ੍ਰਾਪਤ ਕਰਨੇ ਜ਼ਰੂਰੀ ਹਨ ਅਤੇ ਬਾਕੀ ਵਿਸ਼ਿਆਂ ਵਿੱਚ ਇਨਾਮ ਲਈ ਘੱਟੋ ਘੱਟ 50% ਅੰਕ ਲੈਣੇ ਜ਼ਰੂਰੀ ਹਨ।
5. ਜੇਕਰ ਪਹਿਲੇ ਅਤੇ ਦੂਜੇ ਸਥਾਨ ਤੇ ਇੱਕ ਤੋਂ ਜ਼ਿਆਦਾ ਵਿਦਿਆਰਥੀ ਹਨ ਤਾਂ ਐਗਰੀਗੇਟ ਵਿੱਚ ਵੱਧ ਨੰਬਰਾਂ ਵਾਲੇ ਵਿਦਿਆਰਥੀਆਂ ਨੂੰ ਹੀ ਪਹਿਲਾਂ ਅਤੇ ਦੂਜਾ ਇਨਾਮ ਦਿੱਤਾ ਜਾਵੇਗਾ।
6. ਜਿਹੜੇ ਵਿਦਿਆਰਥੀ ਯੂਨੀਵਰਸਿਟੀ ਦੀ ਅਪ੍ਰੈਲ/ਸਲਾਨਾ ਪ੍ਰੀਖਿਆ ਵਿੱਚ ਆਪਣੀ ਕਲਾਸ ਵਿੱਚ ਪਹਿਲਾ ਤੇ ਦੂਜਾ ਸਥਾਨ ਪ੍ਰਾਪਤ ਕਰਦੇ ਹਨ, ਉਨ੍ਹਾਂ ਨੂੰ ਕਾਲਜ ਵੱਲੋਂ ਇਨਾਮ ਦਿੱਤਾ ਜਾਵੇਗਾ।
7. ਕਿਸੇ ਵਿਦਿਆਰਥੀ ਦਾ ਆਚਰਣ ਜਾਂ ਵਰਤਾਉ ਠੀਕ ਨਾ ਹੋਣ ਦੀ ਸੂਰਤ ਵਿੱਚ ਉਸਨੂੰ ਪ੍ਰਿੰਸੀਪਲ ਵੱਲੋਂ ਇਨਾਮ ਤੋਂ ਵਾਂਝਿਆਂ ਰੱਖਣ ਦਾ ਹੱਕ ਹੈ।

# ਸੱਭਿਆਚਾਰਕ ਅਤੇ ਸਹਿ-ਵਿਦਿਅਕ ਸਰਗਰਮੀਆਂ ਦੇ ਇਨਾਮਾਂ ਲਈ ਨਿਯਮ

ਵਿਦਿਆਰਥੀਆਂ ਨੂੰ ਭਿੰਨ-ਭਿੰਨ ਖੇਤਰਾਂ ਵਿੱਚ ਵਿੱਦਿਅਕ, ਸੱਭਿਆਚਾਰਕ, ਸਹਿ-ਵਿਦਿਅਕ ਸਰਗਰਮੀਆਂ, ਖੇਡਾ. ਅਤੇ ਐਨ.ਐਸ.ਐਸ. ਆਦਿ ਵਿੱਚ ਅਦੁੱਤੀ ਪ੍ਰਾਪਤੀ ਕਰਨ ਤੇ ਵਿਸ਼ੇਸ਼ ਇਨਾਮ ਅਤੇ ਸਰਟੀਫਿਕੇਟ ਦਿੱਤੇ ਜਾਂਦੇ ਹਨ। ਸਬੰਧਿਤ ਸਰਗਰਮੀਆਂ ਦੇ ਪ੍ਰੋਫੈਸਰ ਇੰਚਾਰਜ ਵੱਲੋਂ ਵਿਦਿਆਰਥੀ ਦੇ ਇਨਾਮ ਦਾ ਹੱਕਦਾਰ ਹੋਣ ਬਾਰੇ ਸਿਫਾਰਿਸ਼ ਕਰਨੀ ਜ਼ਰੂਰੀ ਹੈ। ਉਚਿਤ ਜਾਂਚ ਪੜਤਾਲ ਕਰਨ ਤੋਂ ਬਾਅਦ ਪ੍ਰਿੰਸੀਪਲ/ਸਰਟੀਫਿਕੇਟ ਸਬੰਧੀ ਫੈਸਲਾ ਕਰਨਗੇ।

**ਕੁੱਝ ਮਹੱਤਵਪੂਰਨ ਇਨਾਮ ਹੇਠ ਲਿਖੇ ਅਨੁਸਾਰ ਹਨ:-**

## ਕਾਲਜ ਰੋਲ ਆਫ ਆਨਰ

ਇਸ ਕਾਲਜ ਦੇ ਸਰਵੋਤਮ ਇਨਾਮ ਦੇ ਹੱਕਦਾਰ ਬਣਨ ਲਈ, ਹੇਠ ਲਿਖੇ ਭਿੰਨ-ਭਿੰਨ ਖੇਤਰਾਂ ਵਿੱਚ ਅਦੁੱਤੀ ਪ੍ਰਾਪਤੀਆਂ ਕਰਨੀਆਂ ਜ਼ਰੂਰੀ ਹਨ:

ੳ) ਵਿਦਿਆਰਥੀ ਯੂਨੀਵਰਸਿਟੀ ਵਿੱਚ ਮੈਰਿਟ ਲਿਸਟ ਵਿੱਚ ਆਇਆ ਹੋਵੇ ਜਾਂ 80% ਜਾਂ ਇਸ ਤੋਂ ਵੱਧ ਅੰਕ ਪ੍ਰਾਪਤ ਕੀਤੇ ਹੋਣ।
ਅ) ਜੇਕਰ ਵਿਦਿਆਰਥੀ ਅੰਤਰ-ਯੂਨੀਵਰਸਿਟੀ ਖੇਡਾ. ਵਿੱਚੋਂ ਵਿਅਕਤੀਗਤ ਤੌਰ ਤੇ ਜਾਂ ਟੀਮ ਦਾ ਮੈਂਬਰ ਹੋਣ ਦੇ ਨਾਤੇ ਪਹਿਲੀ ਪੋਜ਼ੀਸ਼ਨ ਹਾਸਲ ਕਰਦਾ ਹੈ।
ੲ) ਜੇਕਰ ਵਿਦਿਆਰਥੀ ਖੇਡ ਵਿਭਾਗ ਵੱਲੋਂ ਸਟੇਟ ਦੀ ਪ੍ਰਤੀਨਿਧਤਾ ਵਿਅਕਤੀਗਤ ਤੌਰ ਤੇ ਜਾਂ ਟੀਮ ਦਾ ਮੈਂਬਰ ਹੋਣ ਦੇ ਨਾਤੇ ਕਰਦਾ ਹੈ ਅਤੇ ਪਹਿਲੀ ਜਾਂ ਦੂਜੀ ਪੋਜ਼ੀਸ਼ਨ ਲੈਂਦਾ ਹੈ।
ਸ) ਜੇਕਰ ਵਿਦਿਆਰਥੀ ਲਗਾਤਾਰ ਤਿੰਨ ਸਾਲ ਕਾਲਜ ਦਾ ਸਰਵੋਤਮ ਖਿਡਾਰੀ ਰਹਿੰਦਾ ਹੈ।
ਹ) ਜੇਕਰ ਵਿਦਿਆਰਥੀ ਅੰਤਰ-ਯੂਨੀਵਰਸਿਟੀ/ਅੰਤਰ-ਖੇਤਰੀ ਮੁਕਾਬਲਿਆਂ ਵਿੱਚ ਨਿੱਜੀ ਤੌਰ ਤੇ ਜਾਂ ਟੀਮ ਦੇ ਮੈਂਬਰ ਨਾਤੇ ਪਹਿਲੀ ਜਾਂ ਦੂਜੀ ਪੋਜ਼ੀਸ਼ਨ ਪ੍ਰਾਪਤ ਕਰਦਾ ਹੈ।
ਕ) ਜੇਕਰ ਐਨ.ਐਸ.ਐਸ. ਵਲੰਟੀਅਰ 26 ਜਨਵਰੀ ਪਰੇਡ (ਦਿੱਲੀ) ਵਿੱਚ ਭਾਗ ਲੈਂਦਾ ਹੈ।

**ਨੋਟ: ਰੋਲ ਆਫ ਆਨਰ ਲੈਣ ਵਾਲੇ ਵਿਦਿਆਰਥੀ ਨੂੰ ਕਾਲਜ ਕਲਰ ਵੀ ਨਾਲ ਹੀ ਦਿੱਤਾ ਜਾਂਦਾ ਹੈ।**

## ਕਾਲਜ ਕਲਰ

ੳ) ਯੂਨੀਵਰਸਿਟੀ ਪ੍ਰੀਖਿਆ ਵਿੱਚੋਂ 75% ਤੋਂ 79.9% ਨੰਬਰ ਪ੍ਰਾਪਤ ਕਰਨ ਵਾਲੇ ਪਹਿਲੇ ਸਥਾਨ ਆਉਣ ਵਾਲੇ ਵਿਦਿਆਰਥੀ ਜਾਂ ਕਿਸੇ ਕਲਾਸ ਵਿੱਚੋਂ ਫਸਟ ਕਲਾਸ ਫਸਟ ਆਉਣ ਵਾਲੇ ਵਿਦਿਆਰਥੀ।
ਅ) ਜਦੋਂ ਕੋਈ ਵਿਦਿਆਰਥੀ ਯੂਨੀਵਰਸਿਟੀ ਦੇ ਅੰਤਰ-ਕਾਲਜ ਮੁਕਾਬਲਿਆਂ ਦੀਆਂ ਖੇਡਾ. ਵਿੱਚੋਂ ਪਹਿਲੀ/ਦੂਜੀ ਪੋਜ਼ੀਸ਼ਨ ਪ੍ਰਾਪਤ ਕਰਦਾ ਹੈ।
ੲ) ਜੇਕਰ ਵਿਦਿਆਰਥੀ ਯੂਨੀਵਰਸਿਟੀ ਦੇ ਖੇਤਰੀ ਯੁਵਕ ਮੇਲੇ ਵਿੱਚ ਖੇਤਰੀ ਮੁਕਾਬਲਿਆਂ ਵਿੱਚ ਨਿੱਜੀ ਤੌਰ ਤੇ ਜਾਂ ਟੀਮ ਦੇ ਮੈਂਬਰ ਹੋਣ ਦੇ ਨਾਤੇ ਪਹਿਲੀ ਪੋਜ਼ੀਸ਼ਨ ਪ੍ਰਾਪਤ ਕਰਦਾ ਹੈ।
ਸ) ਐਨ.ਐਸ.ਐਸ. ਦੇ ਅੰਤਰ ਰਾਜ ਜਾਂ ਅੰਤਰ-ਯੂਨੀਵਰਸਿਟੀ ਕੈਂਪ ਵਿੱਚ ਭਾਗ ਲੈਂਦਾ ਹੈ।
ਹ) ਜੇਕਰ ਕੋਈ ਵਿਦਿਆਰਥੀ ਦੋ ਸਾਲ ਲਗਾਤਾਰ ਆਪਣੇ ਕਾਲਜ ਦਾ ਸਰਵੋਤਮ ਖਿਡਾਰੀ ਰਹਿੰਦਾ ਹੈ।
ਕ) ਜਿਹੜਾ. ਵਿਦਿਆਰਥੀ ਅੰਤਰ-ਯੂਨੀਵਰਸਿਟੀ ਖੇਡ ਮੁਕਾਬਲਿਆਂ ਵਿੱਚ ਯੂਨੀਵਰਸਿਟੀ ਵੱਲੋਂ ਪ੍ਰਤਿਨਿਧਤਾ ਕਰਦਾ ਹੈ।
ਖ) ਕਾਲਜ ਕਮੇਟੀ ਵਿਦਿਆਰਥੀ ਦੀ ਕਾਲਜ ਨੂੰ ਸਮੁੱਚੀ ਦੇਣ ਦੇ ਆਧਾਰ ਤੇ ਕਾਲਜ ਕਲਰ ਦੇਣ ਦੀ ਸਿਫਾਰਿਸ਼ ਕਰ ਸਕਦੀ ਹੈ।

## ਮੈਰਿਟ ਸਰਟੀਫਿਕੇਟ

ਪ੍ਰਿੰਸੀਪਲ ਕਾਲਜ ਕੌਂਸਲ ਜਾਂ ਸੱਭਿਆਚਾਰਕ ਸਰਗਰਮੀਆਂ ਦੇ ਵੱਖ-ਵੱਖ ਇੰਚਾਰਜਾਂ ਦੀ ਸਿਫਾਰਿਸ਼ ਤੇ ਵਿਦਿਆਰਥੀਆਂ ਨੂੰ ਭਿੰਨ-ਭਿੰਨ ਖੇਤਰਾਂ ਵਿੱਚ ਚੰਗੇ ਕੰਮਾਂ ਤੇ ਪ੍ਰਾਪਤੀਆਂ ਦੇ ਆਧਾਰ ਤੇ ਵਿਸ਼ੇਸ਼ ਮੈਰਿਟ ਸਰਟੀਫਿਕੇਟ ਪ੍ਰਦਾਨ ਕਰ ਸਕਦੇ ਹਨ।

# ਕਾਲਜ ਦੇ ਵਿਦਿਆਰਥੀਆਂ ਲਈ ਵਿਸ਼ੇਸ਼ ਇਨਾਮ

ਕਾਲਜ ਪ੍ਰਸ਼ਾਸਨ, ੳ.ਐਸ.ਏ, ਵਿਨੋਦ ਪਾਲ ਮੈਮੋਰੀਅਲ ਟਰੱਸਟ ਡੇਰਾ ਬੱਸੀ, ਵੱਖ-ਵੱਖ ਸਮਾਜ ਸੇਵੀ ਸੰਸਥਾਵਾਂ, ਕਾਲਜ ਦੇ ਸਾਬਕਾ ਪ੍ਰਿੰਸੀਪਲ ਸਾਹਿਬਾਨ, ਪ੍ਰੋਫੈਸਰ ਸਾਹਿਬਾਨ ਅਤੇ ਸਾਬਕਾ ਪ੍ਰੋਫੈਸਰ ਸਾਹਿਬਾਨ ਜਾਂ ਉਹਨਾਂ ਦੇ ਪਰਿਵਾਰਾਂ ਦੁਆਰਾ ਕਾਲਜ ਦੇ ਵੱਖ-ਵੱਖ ਖੇਤਰਾਂ ਵਿੱਚ ਜੇਤੂ ਰਹੇ ਅਤੇ ਹੋਣਹਾਰ ਵਿਦਿਆਰਥੀਆਂ ਨੂੰ ਸਨਮਾਨਿਤ ਕਰਨ ਅਤੇ ਉਹਨਾਂ ਦੀ ਹੌਸਲਾ ਅਫ਼ਜਾਈ ਹਿੱਤ ਹਰ ਸਾਲ ਹੇਠ ਲਿਖੇ ਅਨੁਸਾਰ ਭਿੰਨ-ਭਿੰਨ ਇਨਾਮ ਦਿੱਤੇ ਜਾਂਦੇ ਹਨ:-

1. ੳ.ਐਸ.ਏ. ਵੱਲੋਂ ਕਾਲਜ ਦੇ ਸਰਵੋਤਮ ਵਿਦਿਆਰਥੀ/ਵਿਦਿਆਰਥਣ ਨੂੰ ਹਰ ਸਾਲ 2100/-ਰੁ. ਨਗਦ ਇਨਾਮ ਦਿੱਤਾ ਜਾਂਦਾ ਹੈ। ਸਰਵੋਤਮ ਵਿਦਿਆਰਥੀ ਦੀ ਚੋਣ ਬੀ.ਏ. ਭਾਗ ਤੀਸਰਾ/ਬੀ.ਐਸ.ਸੀ. ਅਤੇ ਬੀ.ਕਾਮ ਸਮੈਸਟਰ ਛੇਵਾਂ ਦੇ ਵਿਦਿਆਰਥੀਆਂ ਵਿੱਚੋਂ ਤਿੰਨਾਂ ਸਾਲਾਂ ਦੀਆਂ ਸਰਬਪੱਖੀ ਪ੍ਰਾਪਤੀਆਂ ਦੇ ਆਧਾਰ ਤੇ ਕੀਤੀ ਜਾਵੇਗੀ।
2. ਵਿਨੋਦ ਪਾਲ ਮੈਮੋਰੀਅਲ ਟਰੱਸਟ ਡੇਰਾ ਬੱਸੀ ਵੱਲੋਂ ਕਾਲਜ ਦੇ ਕਾਮਰਸ ਵਿਭਾਗ ਦੇ ਬੀ.ਕਾਮ ਸਮੈਸਟਰ ਦੂਜਾ ਦੇ ਯੂਨੀਵਰਸਿਟੀ ਸਾਲਾਨਾ ਪ੍ਰੀਖਿਆ ਵਿੱਚੋਂ ਪਹਿਲੇ ਸਥਾਨ ਤੇ ਆਉਣ ਵਾਲੇ ਵਿਦਿਆਰਥੀ ਨੂੰ ਇੱਕ ਟਰਾਫੀ ਅਤੇ 500/-ਰੁ. ਨਗਦ ਇਨਾਮ, ਬੀ.ਕਾਮ ਸਮੈਸਟਰ ਚੌਥਾ ਦੇ ਯੂਨੀਵਰਸਿਟੀ ਸਾਲਾਨਾ ਪ੍ਰੀਖਿਆ ਵਿੱਚੋਂ ਪਹਿਲੇ ਸਥਾਨ ਤੇ ਆਉਣ ਵਾਲੇ ਵਿਦਿਆਰਥੀ ਨੂੰ ਇੱਕ

ਟਰਾਫੀ ਅਤੇ 1100/-ਰੁ. ਨਗਦ ਇਨਾਮ ਅਤੇ ਬੀ.ਕਾਮ ਸਮੈਸਟਰ ਛੇਵਾਂ ਦੇ ਯੂਨੀਵਰਸਿਟੀ ਪ੍ਰੀਖਿਆ ਵਿੱਚੋਂ ਪਹਿਲੇ ਸਥਾਨ ਤੇ ਆਉਣ ਵਾਲੇ ਵਿਦਿਆਰਥੀ ਨੂੰ ਇੱਕ ਟਰਾਫੀ ਅਤੇ 2100/-ਰੁ. ਨਗਦ ਇਨਾਮ ਦਿੱਤਾ ਜਾਂਦਾ ਹੈ। ਜੇਕਰ ਇਹਨਾਂ ਤਿੰਨਾਂ ਕਲਾਸਾਂ ਵਿੱਚੋਂ ਕੋਈ ਵਿਦਿਆਰਥੀ ਸਾਲਾਨਾ ਪ੍ਰੀਖਿਆ ਵਿੱਚੋਂ ਯੂਨੀਵਰਸਿਟੀ ਵਿੱਚੋਂ ਪਹਿਲੇ ਸਥਾਨ ਤੇ ਆਉਂਦਾ ਹੈ ਤਾਂ ਉਸਨੂੰ ਇੱਕ ਟਰਾਫੀ ਅਤੇ 5100/-ਰੁ. ਨਗਦ ਇਨਾਮ ਦਿੱਤਾ ਜਾਂਦਾ ਹੈ। ਜੇਕਰ ਕਾਮਰਸ ਵਿਭਾਗ ਦਾ ਕੋਈ ਪੁਰਾਣਾ ਵਿਦਿਆਰਥੀ ਕਾਮਰਸ ਦੀ ਸਾਲਾਨਾ ਪੋਸਟ ਗ੍ਰੈਜੂਏਟ ਪ੍ਰੀਖਿਆ ਵਿੱਚੋਂ ਯੂਨੀਵਰਸਿਟੀ ਵਿੱਚੋਂ ਪਹਿਲੇ ਸਥਾਨ ਤੇ ਆਉਂਦਾ ਹੈ ਤਾਂ ਉਸਨੂੰ ਇੱਕ ਟਰਾਫੀ ਅਤੇ 5100 ਰੁ. ਨਗਦ ਇਨਾਮ ਕਾਲਜ ਦੇ ਸਾਲਾਨਾ ਇਨਾਮ ਵੰਡ ਸਮਾਰੋਹ ਮੌਕੇ ਦਿੱਤਾ ਜਾਂਦਾ ਹੈ।

3. ਐਚ.ਈ.ਆਈ.ਐਸ. ਅਧੀਨ ਚੱਲ ਰਹੀਆਂ ਕਲਾਸਾਂ ਦੇ ਵਿਦਿਆਰਥੀਆਂ ਵਿੱਚੋਂ ਸਮੈਸਟਰ ਦੂਜਾ, ਚੌਥਾ ਅਤੇ ਛੇਵਾਂ ਦੀ ਯੂਨੀਵਰਸਿਟੀ ਪ੍ਰੀਖਿਆ ਵਿੱਚੋਂ ਫਸਟ ਆਉਣ ਵਾਲੇ ਵਿਦਿਆਰਥੀਆਂ ਨੂੰ ਕ੍ਰਮਵਾਰ 500/-ਰੁ., 1100/-ਰੁ. ਅਤੇ 2100/-ਰੁ. ਨਗਦ ਇਨਾਮ ਦਿੱਤਾ ਜਾਂਦਾ ਹੈ।
4. ਪ੍ਰੋ. ਆਈ.ਐਸ. ਸੁੱਖੀ ਦੁਆਰਾ ਹਰੇਕ ਸਾਲ ਕਾਲਜ ਦੇ ਬੀ.ਐਸ.ਸੀ. ਸਮੈਸਟਰ ਦੂਜਾ, ਚੌਥਾ ਅਤੇ ਛੇਵਾਂ ਦੀ ਸਲਾਨਾ ਪ੍ਰੀਖਿਆ ਵਿੱਚੋਂ ਪਹਿਲੇ ਸਥਾਨ ਤੇ ਆਉਣ ਵਾਲੇ ਵਿਦਿਆਰਥੀ ਨੂੰ ਆਪਣੀ ਸਵਰਗਵਾਸੀ ਪਤਨੀ ਸ੍ਰੀਮਤੀ ਸੁਰਜੀਤ ਸੁੱਖੀ ਦੀ ਯਾਦ ਵਿੱਚ 2000/-ਰੁ. ਦਾ ਨਗਦ ਇਨਾਮ ਦਿੱਤਾ ਜਾਂਦਾ ਹੈ।
5. ਪ੍ਰੋ. ਆਈ.ਐਸ. ਸੁੱਖੀ ਦੁਆਰਾ ਹਰੇਕ ਸਾਲ ਕਾਲਜ ਦੇ ਸਰਵੋਤਮ ਖਿਡਾਰੀ ਲਈ ਆਪਣੇ ਪਿਤਾ ਜੀ ਦੀ ਯਾਦ ਵਿੱਚ ਪ੍ਰਤਾਪ ਟਰਾਫੀ ਅਤੇ 500/-ਰੁ. ਨਗਦ ਅਤੇ ਸਰਵੋਤਮ ਖਿਡਾਰਨ ਲਈ ਆਪਣੀ ਮਾਤਾ ਜੀ ਦੀ ਯਾਦ ਵਿੱਚ ਬਸੰਤ ਟਰਾਫੀ ਅਤੇ 500/-ਰੁ. ਨਗਦ ਦਿੱਤੇ ਜਾਂਦੇ ਹਨ।
6. ਕਾਲਜ ਦੇ ਸਾਬਕਾ ਪ੍ਰਿੰਸੀਪਲ ਸ੍ਰੀਮਤੀ ਵਿਪਿਨ ਸੋਬਤੀ, ਪ੍ਰਿੰਸੀਪਲ ਸ੍ਰੀਮਤੀ ਰੀਟਾ ਗੰਗਾਹਰ, ਪ੍ਰਿੰਸੀਪਲ ਸ੍ਰੀਮਤੀ ਅਰਵਿੰਦਰ ਕੌਰ ਅਤੇ ਪ੍ਰਿੰਸੀਪਲ ਸ੍ਰੀਮਤੀ ਪਵਿੰਦਰ ਕੌਰ ਵੱਲੋਂ ਹਰ ਸਾਲ ਕਾਲਜ ਦੇ ਹੋਣਹਾਰ ਵਿਦਿਆਰਥੀਆਂ ਨੂੰ ਨਗਦ ਇਨਾਮ ਦਿੱਤਾ ਜਾਂਦਾ ਹੈ।
7. ਇਸ ਕਾਲਜ ਦੇ ਸਵਰਗਵਾਸੀ ਪ੍ਰੋ. ਪਰਮਦੀਪ ਸਿੰਘ ਭੁੱਲਰ ਦੀ ਯਾਦ ਵਿੱਚ ਉਹਨਾਂ ਦੇ ਪਰਿਵਾਰ ਵੱਲੋਂ ਪ੍ਰੋ. ਪਰਮਦੀਪ ਸਿੰਘ ਭੁੱਲਰ ਮੈਮੋਰੀਅਲ ਅਵਾਰਡ ਵਜੋਂ ਕਾਲਜ ਦੀ ਬੀ.ਏ. ਭਾਗ ਤੀਜਾ ਦੀ ਸਾਲਾਨਾ ਪ੍ਰੀਖਿਆ ਵਿੱਚੋਂ ਫਸਟ ਆਉਣ ਵਾਲੇ ਵਿਦਿਆਰਥੀ ਨੂੰ ਨਗਦ ਇਨਾਮ ਦਿੱਤਾ ਜਾਂਦਾ ਹੈ।
8. ਕਾਲਜ ਦੇ ਸਾਬਕਾ ਪ੍ਰੋਫੈਸਰ ਕੁਲਵਿੰਦਰ ਕੌਰ ਦੁਆਰਾ ਆਪਣੇ ਪਿਤਾ ਸਵਰਗਵਾਸੀ ਡਾ. ਅਜੀਤ ਸਿੰਘ ਸੰਧੂ ਦੀ ਯਾਦ ਵਿੱਚ ਹਰ ਸਾਲ ਸਰਵੋਤਮ ਖਿਡਾਰੀ ਲੜਕੇ ਅਤੇ ਲੜਕੀ ਨੂੰ ਟਰਾਫੀ ਦਿੱਤੀ ਜਾਂਦੀ ਹੈ।
9. ਪ੍ਰੋਫੈਸਰ ਸਿਮਰਪ੍ਰੀਤ ਦੁਆਰਾ ਆਪਣੀ ਮਾਤਾ ਸਵਰਗਵਾਸੀ ਸ੍ਰੀਮਤੀ ਕੁਲਵੰਤ ਕੌਰ ਜੀ ਦੀ ਯਾਦ ਵਿੱਚ ਹਰ ਸਾਲ ਸਰਵੋਤਮ ਖਿਡਾਰੀ ਲੜਕੇ ਅਤੇ ਇੱਕ ਲੜਕੀ ਨੂੰ ਟਰਾਫੀ ਦਿੱਤੀ ਜਾਂਦੀ ਹੈ।
10. ਲਾਇਬ੍ਰੇਰੀਅਨ ਦੀ ਸਿਫਾਰਿਸ਼ ਤੇ ਹਰ ਸਾਲ ਇੱਕ ਲੜਕੇ ਅਤੇ ਇਕ ਲੜਕੀ ਵਿਦਿਆਰਥੀ ਨੂੰ ਸਰਵੋਤਮ ਰੀਡਰ ਦਾ ਇਨਾਮ ਦਿੱਤਾ ਜਾਂਦਾ ਹੈ।

**ਜ਼ਰੂਰੀ ਨੋਟ:** ਉਪਰੋਕਤ ਇਨਾਮਾਂ ਲਈ ਹੱਕਦਾਰ ਬਣਨ ਲਈ ਜ਼ਰੂਰੀ ਹੈ ਕਿ ਇਨਾਮ ਜੇਤੂ ਵਿਦਿਆਰਥੀ ਦੇ ਲੈਕਚਰ ਘੱਟ ਨਾ ਹੋਣ, ਪੜ੍ਹਾਈ ਵਿੱਚ ਤਸੱਲੀਬਖਸ਼ ਹੋਵੇ ਅਤੇ ਵਿਦਿਆਰਥੀ ਦਾ ਆਚਰਣ ਚੰਗਾ ਹੋਵੇ।

## ਵਿਦਿਆਰਥੀਆਂ ਲਈ ਆਮ ਨਿਯਮ

1. ਪ੍ਰਿੰਸੀਪਲ ਦੀ ਅਗੇਤਰੀ ਆਗਿਆ ਪ੍ਰਾਪਤ ਕੀਤੇ ਬਿਨਾਂ ਕਾਲਜ ਕੈਂਪਸ ਵਿੱਚ ਕੋਈ ਵੀ ਮੀਟਿੰਗ ਨਹੀਂ ਕੀਤੀ ਜਾ ਸਕਦੀ।
2. ਕਾਲਜ ਦੇ ਅਨੁਸ਼ਾਸਨ ਦੀ ਪਾਲਣਾ ਕਰਨਾ ਵਿਦਿਆਰਥੀਆਂ ਦਾ ਨੈਤਿਕ ਫਰਜ਼ ਹੈ। ਕਾਲਜ ਦੇ ਅਨੁਸ਼ਾਸਨ ਨੂੰ ਭੰਗ ਕਰਨ ਵਾਲੇ ਵਿਦਿਆਰਥੀਆਂ ਵਿਰੁੱਧ ਸਖਤ ਕਾਰਵਾਈ ਕੀਤੀ ਜਾਵੇਗੀ। ਅਨੁਸ਼ਾਸਨ ਭੰਗ ਕਰਨ ਵਾਲਿਆਂ ਦੇ ਵਿਰੁੱਧ ਦੰਡ ਦੇਣ ਦੀ ਸਿਫਾਰਿਸ਼ ਕਮੇਟੀ ਕਰੇਗੀ ਅਤੇ ਫੈਸਲਾ ਪ੍ਰਿੰਸੀਪਲ ਲੈਣਗੇ।
3. ਹਰ ਵਿਦਿਆਰਥੀ ਨੂੰ ਆਪਣਾ ਸ਼ਨਾਖਤੀ ਕਾਰਡ ਹਰ ਵਕਤ ਨਾਲ ਰੱਖਣਾ ਚਾਹੀਦਾ ਹੈ ਅਤੇ ਮੰਗਣ ਤੇ ਕਾਲਜ ਅਧਿਕਾਰੀ ਨੂੰ ਵਿਖਾਉਣਾ ਚਾਹੀਦਾ ਹੈ। ਕਾਲਜ ਵਿੱਚ ਵਿਦਿਆਰਥੀ ਦਾ ਪ੍ਰਵੇਸ਼ ਸ਼ਨਾਖਤੀ ਕਾਰਡ ਦੇ ਆਧਾਰ ਤੇ ਹੋਵੇਗਾ। ਗੈਰ-ਵਿਦਿਆਰਥੀਆਂ ਦਾ ਕਾਲਜ ਵਿੱਚ ਪ੍ਰਵੇਸ਼ ਵਰਜਿਤ ਹੈ। ਅਜਿਹੇ ਵਿਅਕਤੀਆਂ ਵਿਰੁੱਧ ਯੋਗ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।
4. ਵਿਦਿਆਰਥੀ ਕਾਲਜ ਕੈਂਪਸ ਅਤੇ ਵਰਾਂਡਿਆਂ ਵਿੱਚ ਨਾ ਖੜਨ ਅਤੇ ਨਾ ਹੀ ਆਉਂਦਿਆਂ ਜਾਂ ਜਾਂਦਿਆਂ ਸ਼ੋਰ ਕਰਨ।
5. ਕੋਈ ਵਿਦਿਆਰਥੀ ਜੇਕਰ ਕਾਲਜ ਛੱਡਣਾ ਚਾਹੁੰਦਾ ਹੈ ਤਾਂ ਉਹ ਆਪਣੇ ਬਿਨੈ-ਪੱਤਰ ਤੇ ਪਿਤਾ/ਸਰਪ੍ਰਸਤ ਦੇ ਹਸਤਾਖਰ ਕਰਵਾ ਕੇ ਪ੍ਰਿੰਸੀਪਲ ਦੀ ਮਨਜ਼ੂਰੀ ਨਾਲ ਅਜਿਹਾ ਕਰ ਸਕਦਾ ਹੈ। ਉਸ ਨੂੰ ਕਾਲਜ ਦੇ ਸਾਰੇ ਆਪਣੇ ਬਕਾਏ ਦੀ ਬਣਦੀ ਰਕਮ ਕਾਲਜ ਨੂੰ ਅਦਾ ਕਰਨੀ ਪਵੇਗੀ। ਜਦ ਤੱਕ ਵਿਦਿਆਰਥੀ ਦਾ ਨਾਂ ਰਸਮੀ ਤੌਰ ਤੇ ਕੱਟ ਨਹੀਂ ਜਾਂਦਾ, ਉਸਨੂੰ ਕਾਲਜ ਫੀਸ, ਫੰਡ ਅਤੇ ਹੋਰ ਜ਼ੁਰਮਾਨੇ ਆਦਿ ਦਾ ਭੁਗਤਾਨ ਕਰਨਾ ਪਵੇਗਾ।
6. ਆਚਰਣ ਸਬੰਧੀ ਪ੍ਰਮਾਣ-ਪੱਤਰ ਵਿਦਿਆਰਥੀ ਨੂੰ ਕਾਲਜ ਛੱਡਣ ਤੇ ਹੀ ਦਿੱਤਾ ਜਾਵੇਗਾ।
7. ਜੇਕਰ ਵਿਦਿਆਰਥੀ ਕਾਲਜ ਛੱਡਣ ਤੋਂ ਇੱਕ ਸਾਲ ਦੇ ਅੰਦਰ-ਅੰਦਰ ਲਾਇਬ੍ਰੇਰੀ ਜਮਾਨਤ ਵਾਪਿਸ ਨਹੀਂ ਲੈਂਦਾ ਤਾਂ ਜ਼ਬਤ ਹੋ ਜਾਵੇਗੀ।
8. ਹਰੇਕ ਵਿਦਿਆਰਥੀ ਲਈ ਸਾਇਕਲ, ਸਕੂਟਰ ਅਤੇ ਮੋਟਰ ਸਾਇਕਲ ਆਦਿ ਨੂੰ ਨਿਸ਼ਚਿਤ ਸਥਾਨ ਤੇ ਰੱਖਣਾ ਜ਼ਰੂਰੀ ਹੈ। ਖੇਡ ਦੇ ਮੈਦਾਨ ਜਾਂ ਲਾਅਨ ਵਿੱਚ ਵਾਹਨ ਲੈ ਕੇ ਜਾਣਾ ਸਖਤ ਮਨ੍ਹਾਂ ਹੈ।ਕਾਲਜ ਗੇਟ ਤੋਂ ਬਾਹਰ ਖੜ੍ਹੇ ਵਾਹਨ ਪੁਲਿਸ ਹਵਾਲੇ ਕੀਤੇ ਜਾਣਗੇ।

9. ਕਾਲਜ ਕੈਂਪਸ ਵਿੱਚ ਅਸਮਾਜਿਕ ਅਤੇ ਅਨੈਤਿਕ ਕੰਮ ਜਿਵੇਂ ਕਿ ਸਿਗਰਟ, ਸ਼ਰਾਬ ਤੇ ਨਸ਼ਿਆਂ ਦੀ ਵਰਤੋਂ, ਤਾਸ਼, ਜੂਆ ਖੇਡਣਾ ਆਦਿ ਸਖਤ ਮਨ੍ਹਾ ਹੈ।
10. ਵਿਦਿਆਰਥੀਆਂ ਨੂੰ ਹਦਾਇਤ ਹੈ ਕਿ ਉਹ ਕਾਲਜ ਦੀ ਇਮਾਰਤ/ਸੰਪਤੀ/ਫਰਨੀਚਰ ਆਦਿ ਨੂੰ ਖਰਾਬ ਨਾ ਕਰਨ ਅਤੇ ਨੋਟਿਸ ਬੋਰਡ ਉੱਤੇ ਲਾਏ ਨੋਟਿਸ ਨਾ ਪਾੜਨ ਕਿਉਂਕਿ ਇਹ ਉਨ੍ਹਾਂ ਦੀ ਵਰਤੋਂ ਲਈ ਹੀ ਹਨ। ਜੇਕਰ ਕੋਈ ਵਿਦਿਆਰਥੀ ਇਨ੍ਹਾਂ ਦਾ ਨੁਕਸਾਨ ਕਰਦਾ ਫੜਿਆ ਗਿਆ ਤਾਂ ਉਸ ਤੇ ਉਚਿਤ ਕਾਰਵਾਈ ਕੀਤੀ ਜਾਵੇਗੀ ਅਤੇ ਕੀਤੇ ਨੁਕਸਾਨ ਦਾ ਹਰਜਾਨਾ ਤੇ ਜ਼ੁਰਮਾਨਾ ਉਸ ਤੋਂ ਵਸੂਲ ਕੀਤਾ ਜਾਵੇਗਾ।
11. ਵਿਦਿਆਰਥੀਆਂ ਵੱਲੋਂ ਲਾਇਬ੍ਰੇਰੀ ਅਤੇ ਪ੍ਰੀਖਿਆ ਹਾਲ ਵਿੱਚ ਮੋਬਾਇਲ ਲੈ ਕੇ ਜਾਣਾ ਮਨ੍ਹਾ ਹੈ।
12. ਵਿਦਿਆਰਥੀ ਰੈਗਿੰਗ ਵਿੱਚ ਭਾਗ ਨਹੀਂ ਲੈਣਗੇ। ਅਜਿਹਾ ਕਰਦੇ ਫੜੇ ਜਾਣ ਤੇ ਕਾਨੂੰਨ ਅਨੁਸਾਰ ਸਜ਼ਾ ਦਿੱਤੀ ਜਾ ਸਕਦੀ ਹੈ ਅਤੇ ਦਾਖਲਾ ਰੱਦ ਕੀਤਾ ਜਾ ਸਕਦਾ ਹੈ।
13. ਜਿਨ੍ਹਾਂ ਵਿਦਿਆਰਥੀ ਲੜਕਿਆਂ ਨੇ ਆਪਣੇ ਕੇਸ਼ ਰੱਖੇ ਹਨ, ਉਨ੍ਹਾਂ ਲਈ ਕਾਲਜ ਵਿੱਚ ਉਚਿਤ ਪਗੜੀ ਬੰਨ੍ਹ ਕੇ ਆਉਣਾ ਲਾਜ਼ਮੀ ਹੈ।
14. ਸਾਰੇ ਵਿਦਿਆਰਥੀਆਂ ਲਈ ਦਿੱਤੀਆਂ ਗਈਆਂ ਰੈਗਿੰਗ ਵਿਰੋਧੀ ਵੈਬ-ਸਾਈਟਾਂ ਵਿੱਚੋਂ ਕਿਸੇ ਇੱਕ ਤੇ ਰਜਿਸਟ੍ਰੇਸ਼ਨ ਕਰਵਾਉਣਾ ਲਾਜਮੀ ਹੈ। www.amanmovement.org OR www.antiragging.in
15. ਕੋਵਿਡ-19 ਮਹਾਂਮਾਰੀ ਦੇ ਮੱਦੇਨਜਰ ਕਾਲਜ ਆਉਣ ਵਾਲੇ ਵਿਦਿਆਰਥੀ ਕਰੋਨਾ ਦੀ ਲਾਗ ਤੋਂ ਬਚਾਅ ਲਈ ਜਾਰੀ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨਗੇ।

## ਫੈਕਲਟੀ/ਵਿਸ਼ਾ ਬਦਲਣ ਸਬੰਧੀ ਨਿਯਮ

1. ਬੀ.ਏ. ਸਮੈਸਟਰ-1 ਦੇ ਵਿਦਿਆਰਥੀ ਦਾਖਲੇ ਦੀ ਮਿਤੀ ਤੋਂ ਬਾਅਦ ਨਿਸ਼ਚਿਤ ਸਮੇਂ ਦੇ ਅੰਦਰ-ਅੰਦਰ ਆਪਣਾ ਵਿਸ਼ਾ ਪ੍ਰਾਸਪੈਕਟਸ ਦੇ ਜੁੱਟਾਂ ਅਨੁਸਾਰ ਬਦਲ ਸਕਦੇ ਹਨ।
2. ਬੀ.ਏ. ਸਮੈਸਟਰ-1 ਵਿੱਚ ਦਾਖਲਾ ਲੈ ਚੁੱਕਿਆ ਵਿਦਿਆਰਥੀ ਵਿਸ਼ੇ ਬਦਲ ਕੇ ਬੀ.ਕਾਮ/ਬੀ.ਐਸ.ਸੀ. ਸਮੈਸਟਰ ਪਹਿਲਾ ਵਿੱਚ ਨਹੀਂ ਜਾ ਸਕਦਾ।
3. ਬੀ.ਏ. ਸਮੈਸਟਰ-III ਅਤੇ ਬੀ.ਏ. ਸਮੈਸਟਰ-V ਵਿੱਚ ਕੋਈ ਵਿਸ਼ਾ ਤਬਦੀਲ ਨਹੀਂ ਹੋਵੇਗਾ।
4. ਦੂਜੇ ਕਾਲਜਾਂ ਤੋਂ ਮਾਈਗ੍ਰੇਟ ਹੋਣ ਵਾਲੇ ਉਹੀ ਵਿਦਿਆਰਥੀ ਦਾਖਲੇ ਕੀਤੇ ਜਾਣਗੇ ਜਿਨ੍ਹਾਂ ਦੇ ਵਿਸ਼ੇ ਇਸ ਪ੍ਰਾਸਪੈਕਟਸ ਦੇ ਕਿਸੇ ਇੱਕ ਵਿਸ਼ਾ-ਜੁੱਟ ਅਨੁਸਾਰ ਹੋਣਗੇ। ਇਸਦੀ ਪ੍ਰਵਾਨਗੀ ਪੰਜਾਬੀ ਯੂਨੀਵਰਸਿਟੀ ਤੋਂ ਦਾਖਲਾ ਫਾਰਮ ਭਰਨ ਤੋਂ ਪਹਿਲਾ ਲਿਖਤੀ ਤੌਰ ਤੇ ਪ੍ਰਾਪਤ ਕੀਤੀ ਜਾਵੇ।

**ਜ਼ਰੂਰੀ ਨੋਟ–** ਜਾਂਚ ਪੜਤਾਲ ਉਪਰੰਤ ਪ੍ਰਿੰਸੀਪਲ ਸਾਹਿਬ ਦੇ ਆਦੇਸ਼ ਨਾਲ ਹੀ ਵਿਸ਼ਾ/ਵਿਸ਼ਿਆਂ ਨੂੰ ਬਦਲੇ ਜਾਣ ਦੀ ਆਗਿਆ ਦਿੱਤੀ ਜਾਵੇਗੀ ਤੇ ਇਸ ਸਬੰਧੀ ਨੋਟਿਸ ਨਿਕਲਣ ਦੇ ਬਾਅਦ ਹੀ ਵਿਦਿਆਰਥੀਆਂ ਨੂੰ ਨਵੇਂ ਵਿਸ਼ੇ ਦੀ ਕਲਾਸ ਵਿੱਚ ਬੈਠਣ ਦੀ ਆਗਿਆ ਹੋਵੇਗੀ। ਵਿਸ਼ਾ ਬਦਲੀ ਦੀ ਪ੍ਰਕਿਰਿਆ ਵਿੱਚ ਅਧਿਆਪਕਾਂ ਅਤੇ ਕਾਲਜ ਅਧਿਕਾਰੀਆਂ ਦੇ ਸਮੇਂ ਅਤੇ ਸ਼ਕਤੀ ਦਾ ਬਹੁਤ ਹਰਜਾ ਹੁੰਦਾ ਹੈ ਇਸ ਲਈ ਵਿਦਿਆਰਥੀ ਵਿਸ਼ਾ ਬਦਲੀ ਨੂੰ ਆਪਣਾ ਅਧਿਕਾਰ ਨਾ ਸਮਝਣ ਸਗੋਂ ਪਹਿਲਾਂ ਹੀ ਚੰਗੀ ਤਰ੍ਹਾਂ ਸੋਚ ਸਮਝ ਕੇ ਵਿਸ਼ਾ ਚੋਣ ਕਾਊਂਸਲਿੰਗ ਕਮੇਟੀ ਦੀ ਸਹਾਇਤਾ ਨਾਲ ਵਿਸ਼ਾ ਜੁੱਟ ਭਰਨ। ਵਿਸ਼ਾ ਬਦਲੀ ਸਬੰਧਿਤ ਅਧਿਆਪਕ ਦੀ ਸਿਫਾਰਿਸ਼ ਜਾਂ ਪੂਰਵ-ਸਹਿਮਤੀ ਤੋਂ ਬਿਨਾਂ ਸੰਭਵ ਨਹੀਂ ਹੋਵੇਗੀ।

# ਇਛੁੱਕ ਗਤੀਵਿਧੀਆਂ ਅਤੇ ਕਲੰਡਰ
# 2022-23

## ਇਛੁੱਕ ਗਤੀਵਿਧੀਆਂ

| | | |
|---|---|---|
| ਹੋਮ ਸਾਇੰਸ ਵਿਭਾਗ ਦਾ ਸਮਾਰੋਹ | : | ਅਗਸਤ ਦੇ ਚੌਥੇ ਹਫਤੇ |
| ਫਾਈਨ ਆਰਟਸ ਵਿਭਾਗ ਵੱਲੋਂ ਪ੍ਰਦਰਸ਼ਨੀ | : | ਸਤੰਬਰ ਦੇ ਪਹਿਲੇ ਹਫਤੇ |
| ਪੰਜਾਬੀ ਸਾਹਿਤ ਸਭਾ ਦਾ ਸਮਾਰੋਹ | : | ਅਕਤੂਬਰ ਦੇ ਦੂਜੇ ਹਫਤੇ |
| ਸਾਇੰਸ ਸੋਸਾਇਟੀ ਦਾ ਸਮਾਰੋਹ | : | ਅਕਤੂਬਰ ਦੇ ਦੂਜੇ ਹਫਤੇ |
| ਜੌਗਰਫੀ ਸੁਸਾਇਟੀ ਦਾ ਸਮਾਰੋਹ | : | ਅਕਤੂਬਰ ਦੇ ਤੀਜੇ ਹਫਤੇ |
| ਐਨ.ਐਸ.ਐਸ. ਕੈਂਪ/ਸਮਾਰੋਹ | : | ਨਵੰਬਰ ਦੇ ਪਹਿਲੇ ਹਫਤੇ |
| ਅੰਗਰੇਜ਼ੀ ਸਾਹਿਤ ਸਭਾ ਦਾ ਸਮਾਰੋਹ | : | ਫਰਵਰੀ ਦੇ ਪਹਿਲੇ ਹਫਤੇ |
| ੳ.ਐੱਸ.ਏ. ਦਾ ਸਮਾਰੋਹ | : | ਫਰਵਰੀ ਦੇ ਪਹਿਲੇ ਹਫਤੇ |
| ਮਹਿਲਾ ਦਿਵਸ ਬਾਰੇ ਪ੍ਰਦਰਸ਼ਨੀ ਅਤੇ ਸਮਾਰੋਹ | : | 08 ਮਾਰਚ 2022 |

## ਕਲੰਡਰ

| | | |
|---|---|---|
| ਵਣ-ਮਹਾਂ-ਉਤਸਵ | : | ਅਗਸਤ ਦੇ ਪਹਿਲੇ ਹਫਤੇ |
| ਸਵਤੰਤਰਤਾ ਦਿਵਸ | : | 15 ਅਗਸਤ 2022 |
| ਅਧਿਆਪਕ ਦਿਵਸ | : | 5 ਸਤੰਬਰ 2022 |
| ਪ੍ਰਤਿਭਾ-ਖੋਜ਼ ਮੁਕਾਬਲੇ | : | ਸਤੰਬਰ ਦੇ ਦੂਜੇ ਹਫਤੇ |
| ਸੜਕ ਸੁਰੱਖਿਆ ਬਾਰੇ ਲੈਕਚਰ ਅਤੇ ਪ੍ਰਦਰਸ਼ਨੀ | : | ਸਤੰਬਰ ਦੇ ਤੀਜੇ ਹਫਤੇ |
| ਯੂਥ ਫੈਸਟੀਵਲ | : | ਅਕਤੂਬਰ 2022 |
| ਹੈਲਥ ਚੈੱਕ ਅੱਪ ਕੈਂਪ | : | ਅਕਤੂਬਰ ਦੇ ਦੂਜੇ ਹਫਤੇ |
| ਮਿਡ ਸਮੈਸਟਰ ਟੈਸਟ | : | ਨਵੰਬਰ ਅਤੇ ਅਪ੍ਰੈਲ ਦੇ ਮਹੀਨਿਆਂ ਵਿੱਚ |
| ਯੂਨੀਵਰਸਿਟੀ ਦੇ ਦਾਖਲਾ ਫਾਰਮ | : | ਸਤੰਬਰ ਅਤੇ ਫਰਵਰੀ ਦੇ ਦੂਜੇ ਹਫਤੇ |
| ਏਡਜ਼/ਡ੍ਰੱਗ ਅਬਿਯੂਸ ਤੇ ਲੈਕਚਰ | : | ਨਵੰਬਰ ਦੇ ਪਹਿਲੇ ਹਫਤੇ |
| ਸਰਦੀ ਦੀਆਂ ਛੁੱਟੀਆਂ | : | ਯੂਨੀਵਰਸਿਟੀ ਵੱਲੋਂ ਨਿਰਧਹਰਿਤ ਮਿਤੀਆਂ ਅਨੁਸਾਰ |
| ਲੋਹੜੀ | : | 13 ਜਨਵਰੀ 2023 |
| ਵਿਦਿਅਕ ਟੂਰ | : | ਜਨਵਰੀ/ਫਰਵਰੀ 2023 |
| ਗਣਤੰਤਰਤਾ ਦਿਵਸ | : | 26 ਜਨਵਰੀ 2023 |
| ਸਾਲਾਨਾ ਖੇਡ ਸਮਾਰੋਹ | : | ਫਰਵਰੀ ਦੇ ਪਹਿਲੇ ਹਫਤੇ |
| ਸਾਲਾਨਾ ਇਨਾਮ ਵੰਡ ਸਮਾਰੋਹ | : | ਮਾਰਚ ਦੇ ਦੂਜੇ ਹਫਤੇ |
| ਕਨਵੋਕੇਸ਼ਨ | : | ਮਾਰਚ ਦੇ ਦੂਜੇ/ਤੀਜੇ ਹਫਤੇ |

**ਨੋਟ : ਇੱਛੁਕ ਗਤੀਵਿਧੀਆਂ ਅਤੇ ਕਲੰਡਰ ਦੀਆਂ ਮਿਤੀਆਂ ਵਿੱਚ ਕਾਲਜ ਅਤੇ ਯੂਨੀਵਰਸਿਟੀ ਪ੍ਰਸ਼ਾਸਨ ਵੱਲੋਂ ਲੋੜ ਅਨੁਸਾਰ ਤਬਦੀਲੀ ਕੀਤੀ ਜਾ ਸਕਦੀ ਹੈ, ਜਿਸ ਸਬੰਧੀ ਸੂਚਨਾ ਕਾਲਜ ਦੇ ਨੋਟਿਸ ਬੋਰਡ ਅਤੇ ਕਾਲਜ ਵੈੱਬਸਾਈਟ ਤੇ ਅਪਡੇਟ ਕੀਤੀ ਜਾਵੇਗੀ।**

# ਦਾਖ਼ਲਾ ਕਮੇਟੀਆਂ 2022-23

## ਪ੍ਰਿੰਸੀਪਲ : ਪ੍ਰੋ. ਡਾ. ਅਮਨਦੀਪ ਕੌਰ
## ਨੋਡਲ ਅਫ਼ਸਰ : ਪ੍ਰੋ. ਆਮੀ ਭੱਲਾ

**ਬੀ ਏ ਸਮੈਸਟਰ ਪਹਿਲਾ**

ਪ੍ਰੋ. ਸਲੋਨੀ (ਕਨਵੀਨਰ) ਪ੍ਰੋ. ਹਰਵਿੰਦਰ ਕੌਰ ਡਾ ਗੁਰਪ੍ਰੀਤ ਕੌਰ
ਪ੍ਰੋ. ਸੁਮਿਤਾ ਕਟੋਚ ਪ੍ਰੋ. ਸੁਨੀਲ ਕੁਮਾਰ ਪ੍ਰੋ. ਅਵਤਾਰ ਸਿੰਘ
ਪ੍ਰੋ. ਬਲਜਿੰਦਰ ਸਿੰਘ(ਸਕਾਲਰਸ਼ਿਪ) ਸ਼੍ਰੀ ਜੋਗਿੰਦਰ ਸਿੰਘ- ਸੀਨੀ.ਐੱਲ. ਏ. ਸ਼੍ਰੀ ਧਰਮ ਸਿੰਘ-ਐੱਲ. ਏ.

**ਬੀ ਏ ਸਮੈਸਟਰ ਤੀਜਾ**

ਪ੍ਰੋ. ਨਵਜੋਤ ਕੌਰ (ਕਨਵੀਨਰ) ਪ੍ਰੋ. ਬੋਮਿੰਦਰ ਕੌਰ ਪ੍ਰੋ. ਕਿਰਨਪ੍ਰੀਤ ਕੌਰ ਪ੍ਰੋ. ਮੇਘਾ ਗੋਇਲ
ਪ੍ਰੋ. ਮਨਪ੍ਰੀਤ ਕੌਰ (ਸਕਾਲਰਸ਼ਿਪ) ਸ਼੍ਰੀਮਤੀ ਡੇਜਿੰਦਰ ਕੌਰ ਸ਼੍ਰੀ ਬਲਦੇਵ ਸਿੰਘ-ਐੱਲ.ਏ.(ਫਾਰਮ ਲੈਣਾ)

**ਬੀ ਏ ਸਮੈਸਟਰ ਪੰਜਵਾਂ**

ਪ੍ਰੋ. ਸਿੰਮੀ ਜੋਹਲ (ਕਨਵੀਨਰ) ਪ੍ਰੋ. ਅੰਸ਼ੁਲ ਪ੍ਰੋ. ਮੋਹਨੀਸ਼ ਆਰੀਆ
ਪ੍ਰੋ. ਗੁਰਮੀਤ ਸਿੰਘ (ਸਕਾਲਰਸ਼ਿਪ) ਸ਼੍ਰੀ ਜਸਪ੍ਰੀਤ ਸਿੰਘ -ਜੇ. ਐੱਲ. ਏ.
ਸ਼੍ਰੀ ਹਰਨਾਮ ਸਿੰਘ ਬੇਲਦਾਰ (ਫਾਰਮ ਲੈਣਾ)

**ਬੀ ਐੱਸ ਸੀ ਸਮੈਸਟਰ ਪਹਿਲਾ, ਤੀਜਾ ਅਤੇ ਪੰਜਵਾਂ**

ਡਾ. ਅਮਰਜੀਤ ਕੌਰ (ਕਨਵੀਨਰ) ਪ੍ਰੋ. ਸ਼ਵੇਤਾ ਖਰਬੰਦਾ ਪ੍ਰੋ. ਸੁਸ਼ਮਾ (ਸਕਾਲਰਸ਼ਿਪ)
ਸ਼੍ਰੀ ਅਭੈ ਸਾਗਰ- ਜੇ. ਐੱਲ. ਏ. ਸ਼੍ਰੀ ਪ੍ਰਵੀਨ ਕੁਮਾਰ-ਐੱਲ.ਏ.(ਫਾਰਮ ਲੈਣਾ)

**ਬੀ ਕਾਮ ਸਮੈਸਟਰ ਪਹਿਲਾ, ਤੀਜਾ ਅਤੇ ਪੰਜਵਾਂ**

ਪ੍ਰੋ. ਰਸ਼ਮੀ (ਕਨਵੀਨਰ) ਪ੍ਰੋ. ਕਨੂੰ ਗਰਗ ਡਾ. ਪ੍ਰਭਜੋਤ ਕੌਰ
ਪ੍ਰੋ. ਅਮਰਿੰਦਰ ਕੌਰ (ਸਕਾਲਰਸ਼ਿਪ) ਸ਼੍ਰੀ ਜਸਮੇਰ ਸਿੰਘ੍ਐੱਲ।ਏ (ਫਾਰਮ ਲੈਣਾ)
ਸ਼੍ਰੀਮਤੀ ਡੇਜਿੰਦਰ ਕੌਰ- ਜੇ.ਐੱਲ. ਏ. ਸ਼੍ਰੀ ਸਿਕੰਦਰ ਪੁਰੀ (ਸੇਵਾਦਾਰ)

**ਬੀ ਕਾਮ (ਆਨਰਜ਼) ਸਮੈਸਟਰ ਪਹਿਲਾ, ਤੀਜਾ ਅਤੇ ਪੰਜਵਾਂ**

ਪ੍ਰੋ. ਸਵਿਤਾ ਗੁਪਤਾ (ਕਨਵੀਨਰ) ਪ੍ਰੋ. ਅਮਨਜੀਤ ਕੌਰ ਪ੍ਰੋ. ਜੈਤਿਕਾ ਪ੍ਰੋ. ਨੈਨਸੀ (ਸਕਾਲਰਸ਼ਿਪ)

**ਬੀ ਸੀ ਏ ਸਮੈਸਟਰ ਪਹਿਲਾ, ਤੀਜਾ ਅਤੇ ਪੰਜਵਾਂ**

ਪ੍ਰੋ. ਸਵਿਤਾ ਗੁਪਤਾ (ਕਨਵੀਨਰ) ਪ੍ਰੋ. ਰਵਿੰਦਰ ਜੀਤ ਪ੍ਰੋ. ਤਰਨਦੀਪ ਕੌਰ ਪ੍ਰੋ. ਨੈਨਸੀ (ਸਕਾਲਰਸ਼ਿਪ)

**ਆਨਲਾਈਨ ਕਾਊਂਸਲਿੰਗ ਕਮੇਟੀ**

ਪ੍ਰੋ. ਰਵਿੰਦਰ ਜੀਤ ਪ੍ਰੋ. ਨੈਨਸੀ ਪ੍ਰੋ. ਤਰਨਦੀਪ ਕੌਰ

**ਫੀਸ ਕਮੇਟੀ**

ਪ੍ਰੋ. ਆਮੀ ਭੱਲਾ ਪ੍ਰੋ. ਰਾਜਬੀਰ ਕੌਰ ਪ੍ਰੋ. ਰਵਿੰਦਰ ਜੀਤ(HEIS) ਸ਼੍ਰੀ ਸੂਬੇ ਸਿੰਘ-ਕਲਰਕ

**ਸਕਾਲਰਸ਼ਿਪ ਕਮੇਟੀ**

ਡਾ. ਨਵਦੀਪ ਕਹੋਲ (ਕਨਵੀਨਰ ਪ੍ਰੋ. ਨੈਨਸੀ ਪ੍ਰੋ. ਮਨਪ੍ਰੀਤ ਕੌਰ
ਪ੍ਰੋ. ਬਲਜਿੰਦਰ ਸਿੰਘ ਪ੍ਰੋ. ਸੁਸ਼ਮਾ ਪ੍ਰੋ. ਗੁਰਮੀਤ ਸਿੰਘ
ਪ੍ਰੋ. ਨਿਧੀ ਗੁਪਤਾ ਪ੍ਰੋ. ਅਮਰਿੰਦਰ ਕੌਰ ਸ਼੍ਰੀ ਮਨਪ੍ਰੀਤ ਸਿੰਘ-ਕਲਰਕ
ਸ਼੍ਰੀਮਤੀ ਡੇਜਿੰਦਰ ਕੌਰ - ਜੇ.ਐੱਲ. ਏ.

**Reception committee (Help DesK)**

ਪ੍ਰੋ. ਗੁਰਪ੍ਰੀਤ ਕੌਰ (ਫਿਜੀ.ਐਜੂ) ਪ੍ਰੋ. ਰਵਿੰਦਰ ਸਿੰਘ ਡਾ. ਗੁਰਪ੍ਰੀਤ ਕੌਰ
ਪ੍ਰੋ. ਬੋਮਿੰਦਰ ਕੌਰ ਸ਼੍ਰੀ ਜਗਮੋਹਨ ਸਿੰਘ
(ਇਹ ਕਮੇਟੀ ਮੈਂਬਰ ਕਾਲਜ ਵਿਖੇ ਡਿਸੀਪਲਨ ਦਾ ਵੀ ਪੂਰਾ ਧਿਆਨ ਰੱਖਣਗੇ)

**Computer Help Desk committee**

ਪ੍ਰੋ. ਅਵਤਾਰ ਸਿੰਘ ਪ੍ਰੋ. ਨਿਰਮਲ ਸਿੰਘ ਪ੍ਰੋ. ਨਿਧੀ ਗੁਪਤਾ
ਸ਼੍ਰੀ ਅਭੈ ਸਾਗਰ ਸ਼੍ਰੀ ਜਸਪ੍ਰੀਤ ਸਿੰਘ ਸ਼੍ਰੀ ਰਵੀ ਕੁਮਾਰ

**ਨੋਟ:** ਦਾਖਲਾ ਕਮੇਟੀਆਂ ਦੇ ਕਨਵੀਨਰ ਦਾਖਲ ਹੋਣ ਵਾਲੇ ਵਿਦਿਆਰਥੀਆਂ ਦੀ ਰਿਪੋਰਟ ਹਰ - ਰੋਜ਼ ਨੋਡਲ ਅਫਸਰ ਐਸੋ.ਪ੍ਰੋ. ਆਮੀ ਭੱਲਾ ਨੂੰ ਦੇਣਾ ਯਕੀਨੀ ਬਨਾਉਣਗੇ।

# ਦਾਖਲਿਆਂ ਦਾ ਸ਼ਡਿਊਲ (ਚਲਦੇ ਕੋਰਸਾਂ ਲਈ)

| | | |
|---|---|---|
| 1 | ਬਿਨਾਂ ਲੇਟ ਫੀਸ ਦਾਖਲਾ | (i) ਨਤੀਜਾ ਘੋਸ਼ਿਤ ਹੋਣ ਦੀ ਮਿਤੀ ਤੋਂ 20 ਕੰਮ-ਕਾਜੀ ਦਿਨਾਂ ਦੇ ਅੰਦਰ-ਅੰਦਰ |
| 2 | 500/-ਰੁਪਏ ਲੇਟ ਫੀਸ ਅਤੇ ਕਾਲਜ ਦੇ ਪ੍ਰਿੰਸੀਪਲ ਦੀ ਪ੍ਰਵਾਨਗੀ ਨਾਲ | (ii) ਉਪਰੋਕਤ (i) ਤੋਂ ਅਗਲੇ 10 ਕੰਮ-ਕਾਜੀ ਦਿਨਾਂ ਦੇ ਅੰਦਰ-ਅੰਦਰ |
| 3 | 1000/-ਰੁਪਏ ਲੇਟ ਫੀਸ ਅਤੇ ਡੀਨ, ਕਾਲਜ ਵਿਕਾਸ ਕੌਂਸਲ ਦੀ ਪ੍ਰਵਾਨਗੀ ਨਾਲ | (iii) ਉਪਰੋਕਤ (ii) ਤੋਂ ਅਗਲੇ 10 ਕੰਮ-ਕਾਜੀ ਦਿਨਾਂ ਦੇ ਅੰਦਰ-ਅੰਦਰ |
| 4 | 2000/-ਰੁਪਏ ਲੇਟ ਫੀਸ ਅਤੇ ਵਾਈਸ-ਚਾਂਸਲਰ ਸਾਹਿਬ ਦੀ ਪ੍ਰਵਾਨਗੀ ਨਾਲ | (iv) ਉਪਰੋਕਤ (iii) ਤੋਂ ਅਗਲੇ 10 ਕੰਮ-ਕਾਜੀ ਦਿਨਾਂ ਦੇ ਅੰਦਰ-ਅੰਦਰ |

**ਨੋਟ : ਇਹ ਦਾਖ਼ਲਾ ਸ਼ਡਿਊਲ ਸੰਬੰਧਤ ਕੋਰਸਾਂ ਵਿੱਚ ਸੀਟ ਖ਼ਾਲੀ ਹੋਣ ਤਕ ਹੀ ਲਾਗੂ ਹੋਵੇਗਾ।ਦਾਖਲਾ ਸ਼ਡਿਊਲ ਵਿੱਚ ਕਿਸੇ ਵੀ ਤਰਾਂ ਦੀ ਤਬਦੀਲੀ ਸਬੰਧੀ ਜਾਣਕਾਰੀ ਕਾਲਜ ਵੈਬਸਾਈਟ ਉੱਪਰ ਅਪਡੇਟ ਕਰ ਦਿੱਤੀ ਜਾਵੇਗੀ।**

## ਬੇਦਾਅਵਾ

*ਪ੍ਰਾਸਪੈਕਟਸ ਵਿੱਚ ਛਪੀ ਹਰ ਪ੍ਰਕਾਰ ਦੀ ਸੂਚਨਾ ਭਾਵੇਂ ਸਹੀ ਅਤੇ ਤੱਥ ਅਧਾਰਿਤ ਹੈ ਫਿਰ ਵੀ ਕਾਲਜ ਪ੍ਰਸ਼ਾਸਨ ਪ੍ਰਾਸਪੈਕਟਸ ਦੀ ਛਪਾਈ ਵਿੱਚ ਕਿਸੇ ਪ੍ਰਕਾਰ ਦੀ ਸੂਚਨਾ/ਉਣਤਾਈ ਲਈ ਕਾਨੂੰਨੀ ਤੌਰ ਤੇ ਜਿੰਮੇਵਾਰ ਨਹੀਂ ਹੋਵੇਗਾ। ਇਸ ਸੈਸ਼ਨ ਦੌਰਾਨ ਲੋੜ ਪੈਣ ਤੇ ਬਿਨ੍ਹਾਂ ਅਗਾਊ ਸੂਚਨਾ ਪੰਜਾਬ ਸਰਕਾਰ, ਪੰਜਾਬੀ ਯੂਨੀਵਰਸਿਟੀ ਅਤੇ ਹੋਰ ਕੋਈ ਸਮੱਰਥ ਅਧਿਕਾਰੀ ਜਾਂ ਸੰਸਥਾ ਵੱਲੋਂ ਜਾਰੀ ਦਿਸ਼ਾ ਨਿਰਦੇਸ਼ਾਂ ਅਨੁਸਾਰ ਛਾਪੀ ਸੂਚਨਾ ਵਿੱਚ ਤਬਦੀਲੀ ਕੀਤੀ ਜਾ ਸਕਦੀ ਹੈ। ਇਸ ਪ੍ਰਾਸਪੈਕਟਸ ਦੇ ਨਿਯਮ ਅਤੇ ਸ਼ਰਤਾਂ ਵਿੱਚ ਸਰਕਾਰ ਦੇ ਨਵੇਂ ਆਦੇਸ਼ਾਂ ਜਾਂ ਯੂਨੀਵਰਸਿਟੀ ਦੀਆਂ ਨਵੀਆਂ ਹਦਾਇਤਾਂ ਦੇ ਅਨੁਸਾਰ ਜਾਂ ਲੋੜ ਪੈਣ ਤੇ ਪ੍ਰਿੰਸੀਪਲ ਵੱਲੋਂ ਤਬਦੀਲੀ ਕੀਤੀ ਜਾ ਸਕਦੀ ਹੈ ਜਿਸ ਦੀ ਸੂਚਨਾ ਸਮੇਂ ਸਮੇਂ ਤੇ ਨੋਟਿਸ ਬੋਰਡ ਰਾਹੀਂ ਦੇ ਦਿੱਤੀ ਜਾਵੇਗੀ*

# ਕਾਲਜ ਸ਼ਬਦ
## *(College Shabad)*

ਦੇਹ ਸਿਵਾ ਬਰ ਮੋਹਿ ਇਹੈ
ਸ਼ੁਭ ਕਰਮਨ ਤੇ ਕਬਹੂੰ ਨ ਟਰੋਂ।।
ਨ ਡਰੋਂ ਅਰਿ ਸੋ ਜਬ ਜਾਇ ਲਰੋਂ
ਨਿਸਚੈ ਕਰਿ ਆਪਨੀ ਜੀਤ ਕਰੋਂ।।
ਅਰੁ ਸਿਖ ਹੋ ਅਪਨੇ ਹੀ ਮਨ ਕੌ
ਇਹ ਲਾਲਚ ਹਉ ਗੁਨ ਤਉ ਉਚਰੋਂ।।
ਜਬ ਆਵ ਕੀ ਅਉਧ ਨਿਦਾਨ ਬਨੇ
ਅਤਿ ਹੀ ਰਨ ਮੇ ਤਬ ਜੂਝ ਮਰੋਂ।।

– ਸ੍ਰੀ ਗੁਰੂ ਗੋਬਿੰਦ ਸਿੰਘ ਜੀ

*ਹੇ ਪ੍ਰਮਾਤਮਾ। ਮੈਨੂੰ ਇਹ ਵਰ ਦੇਹ*
*ਕਿ ਮੈਂ ਸ਼ੁੱਭ ਕਰਮ ਕਰਨ ਤੋਂ ਕਦੇ ਨਾ ਟਲਾਂ।*
*ਜਦੋਂ ਰਣ-ਭੂਮੀ ਵਿੱਚ ਵੈਰੀ ਨਾਲ ਲੜਾਂ. ਤਾਂ ਜ਼ਰਾ ਵੀ ਨਾ ਡਰਾਂ।*
*ਮੈਨੂੰ ਆਪਣੀ ਜਿੱਤ ਦਾ ਪੂਰਨ ਯਕੀਨ ਹੋਵੇ*
*ਅਤੇ ਮੈਂ ਆਪਣੇ ਮਨ ਨੂੰ ਇਹ ਸਿੱਖਿਆ ਦੇਵਾਂ ਕਿ ਮੈਨੂੰ ਤੇਰੇ*
*ਗੁਣਾਂ ਦਾ ਉਚਾਰਣ ਕਰਨ ਦਾ ਹੀ ਸਦਾ ਲਾਲਚ ਹੋਵੇ।*
*ਜਦੋਂ ਮੇਰੀ ਉਮਰ ਦਾ ਅੰਤਿਮ ਸਮਾਂ ਆਵੇ*
*ਤਾਂ ਮੈਂ ਯੁੱਧ ਦੇ ਮੈਦਾਨ ਵਿੱਚ ਲੜਦਾ ਹੋਇਆ ਪ੍ਰਾਣ ਤਿਆਗਾਂ।*

*Grant me this boon O God!*
*May I never refrain from the righteous acts;*
*May I fight without fear all foes in life's battles*
*With confident courage claiming the victory!*
*May the glory be grained in my mind,*
*and my highest ambition be singing the praises;*
*When this mortal life comes to end,*
*May I die fighting with limitless courage.*

# ਸੈਸ਼ਨ 2021-22 ਦੌਰਾਨ ਕਾਲਜ ਵਿਖੇ ਹੋਈਆਂ ਵੱਖ-ਵੱਖ ਗਤੀਵਿਧੀਆਂ



ਐੱਮ.ਐੱਲ.ਏ. ਡੇਰਾ ਬੱਸੀ ਸ. ਕੁਲਜੀਤ ਸਿੰਘ ਰੰਧਾਵਾ ਨੇਬਰਹੁੱਡ ਯੂਥ ਪਾਰਲੀਮੈਂਟ ਪ੍ਰੋਗਰਾਮ ਦੌਰਾਨ ਜੇਤੂ ਵਿਦਿਆਰਥੀਆਂ ਨਾਲ



ਐੱਸ.ਡੀ.ਐੱਮ. ਡੇਰਾ ਬੱਸੀ ਸ੍ਰੀ ਕੁਲਦੀਪ ਬਾਵਾ ਸਵੀਪ ਗਤੀਵਿਧੀ ਦੌਰਾਨ ਵਿਦਿਆਰਥੀਆਂ ਨਾਲ




ਜਿਲਾ ਪੱਧਰੀ ਪੋਸਟਰ ਮੁਕਾਬਲੇ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਨਾਲ ਪ੍ਰਿੰਸੀਪਲ ਅਤੇ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਦੇ ਅਧਿਕਾਰੀ



ਅੰਤਰ ਰਾਸ਼ਟਰੀ ਮਹਿਲਾ ਦਿਵਸ ਦੌਰਾਨ ਰੈਂਪ ਵਾਕ ਵਿੱਚ ਹਿੱਸਾ ਲੈਂਦੀਆਂ ਵਿਦਿਆਰਥਣਾਂ



ਅਲੂਮਨਾਈ ਮੀਟ 2022 ਵਿੱਚ ਪਹੁੰਚੇ ਕਾਲਜ ਦੇ ਸਾਬਕਾ ਵਿਦਿਆਰਥੀਆਂ ਨਾਲ ਪ੍ਰਿੰਸੀਪਲ ਅਤੇ ਕਾਲਜ ਸਟਾਫ



ਨੇਬਰਹੁੱਡ ਯੂਥ ਪਾਰਲੀਮੈਂਟ ਪ੍ਰੋਗਰਾਮ ਦੌਰਾਨ ਸ੍ਰੀ ਮੋਹਿਤ ਵਰਮਾ ਨਸ਼ਿਆਂ ਖ਼ਿਲਾਫ ਜਾਗਰੂਕਤਾ ਤੇ ਵਿਦਿਆਰਥੀਆਂ ਨੂੰ ਲੈਕਚਰ ਦਿੰਦੇ ਹੋਏ।











# ਸਰਕਾਰੀ ਕਾਲਜ, ਡੇਰਾ ਬੱਸੀ

(ਸਾਹਿਬਜ਼ਾਦਾ ਅਜੀਤ ਸਿੰਘ ਨਗਰ)

(An Accredited Institution with B Grade by NAAC)

**Ph.:** 01762- 292287 **Email :** gcderabassi@gmail.com

**Website :** www.gcderabassi.com


ਮੁੱਲ ₹ 50/-